Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜਨਵਰੀ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਪ੍ਰਣ ਕਰਨ ਦੀ ਲੋੜ.....



ਵਿਆਹ ਇਕ ਸੰਸਥਾ ਹੋਣੀ ਚਾਹੀਦੀ ਹੈ ਜਿਸ ਦਾ ਕਿਰਦਾਰ ਏਨਾ ਸੁੱਚਾ ਅਤੇ ਸਿਧਾਂਤ ਏਨੇ ਉਪਜੋਗੀ ਹੋਣ ਕਿ ਉਨ੍ਹਾਂ ਅਨੁਸਾਰ ਕਿਰਿਆ ਕਰਕੇ ਧਾਰਮਿਕ-ਜੜ੍ਹਤਾ ਸਮਾਜੀ-ਗੁਲਾਮੀ, ਆਰਥਿਕ ਸੋਸ਼ਣ ਅਤੇ ਸਭਿਆਚਾਰਕ-ਪਤਨ ਦੇ ਸ਼ਿਕਾਰ ਲੋਕ ਆਪਣੀ ਬਹੁਪੱਖੀ ਆਜ਼ਾਦੀ ਹਾਸਲ ਕਰ ਸਕਣ। ਇਸ ਨਾਲ ਆਮ ਵਰਗਾਂ ਦੀ ਆਜ਼ਾਦੀ, ਔਰਤਾਂ ਦੀ ਮੁਕਤੀ, ਕਾਨੂੰਨੀ ਸੁਧਾਰ ਇੱਕ ਵੱਡੀ ਮਿਸਾਲੀ ਸੇਵਾ ਹੋਵੇਗੀ। ਇਸ ਪਾਸੇ ਵਿਸਥਾਰ ਨਾਲ ਅਮਲੀ ਰੂਪ ਦੇਣ ਨਾਲ ਹੀ ਸਥਾਈ ਹੱਲ ਹਾਸਲ ਹੋ ਸਕਣਗੇ। ਸੈਂਕੜੇ ਵਰ੍ਹਿਆਂ ਤੋਂ ਧਰਮਾਂ ਦੇ ਘੱਟ ਬੁੱਧੀ ਪ੍ਰਚਾਰਕ ਅਤੇ ਸੰਸਥਾਵਾਂ ਨੇ ਗਲਤ ਪ੍ਰਚਾਰ ਸਦਕਾ ਆਪਣੇ ਵਹਿਮਾਂ-ਭਰਮਾਂ ਦੇ ਅਸੂਲ ਬਣਾ ਕੇ ਆਮ ਵਰਗ ਦੀ ਲੁੱਟ-ਖਸੁੱਟ ਕਰਕੇ ਆਪਣੇ ਕਮਾਈ ਦੇ ਧੰਧੇ ਤੋਰੇ ਹੋਏ ਹਨ । ਇਸ ਤਰ੍ਹਾਂ ਹੀ ਵਿਆਹ ਸ਼ਾਦੀਆਂ ਦੇ ਰਸਮਾਂ ਰਿਵਾਜ਼ਾਂ ਨੂੰ ਵਿਗਾੜਦੇ ਹੋਏ ਅੱਜ ਬਹੁਪੱਖੀ ਸਮਾਗਮ ਜਿਵੇਂ ਕਿ ਲੜਕਾ-ਲੜਕੀ ਦੇ ਵੇਖਣ ਤੋਂ ਪਹਿਲਾ ਹੀ ਘੁੰਮ ਫਿਰ ਕੇ ਵੀਡੀਓ ਬਣਾ ਕੇ ਪੋਸਟਰ ਛਾਪਣੇ, ਆਪਣੀ ਪਸੰਦ-ਨਾ ਪਸੰਦ ਜਾਹਰ ਕਰਨ ਲਈ ਸੈਰ ਸਪਾਟੇ ਤੇ ਜਾਣ ਅਤੇ ਸ਼ਗਨ ਤੋਂ ਪਹਿਲਾ ਅਤੇ ਬਾਅਦ ਦੇ ਸਮਾਗਮ, ਮਹਿੰਦੀ ਰਸਮ, ਲੇਡੀਜ ਸੰਗੀਤ, ਫੋਟੋ ਸੈਸ਼ਨ, ਪ੍ਰੀ ਵੈਡਿੰਗ ਸਮਾਗਮ, ਵਿਆਹ ਸਮਾਗਮ, ਸਵਾਗਤੀ ਸਮਾਗਮ ਅਤੇ ਹੋਰ ਤੇ ਹੋਰ ਲੜਕੇ ਵਲੋਂ ਲੜਕੀ ਵੱਲ ਬਹੁਤ ਰਿਸ਼ਤੇਦਾਰ ਲੈ ਕੇ ਅਤੇ ਵਾਪਸੀ ਉਨ੍ਹਾਂ ਵਲੋਂ ਸਮਾਗਮ ਮਹੀਨਾ-ਮਹੀਨਾ ਭਰ ਚਲਦੇ ਰਹਿੰਦੇ ਹਨ। ਇਸ ਨਾਲ ਬਹੁਤ ਹੀ ਬੇਲੋੜਾ ਅਤੇ ਫਜ਼ੂਲ ਖਰਚਾ ਹੁੰਦਾ ਹੈ, ਜਿਸ ਦਾ ਕਿਸੇ ਨੂੰ ਫਾਇਦਾ ਨਹੀਂ ਹੁੰਦਾ ਸਿਰਫ ਤੇ ਸਿਰਫ ਫੋਕੀ ਵਾਹ ਵਾਹ ਸਮਝ ਕੇ ਹੀ ਕੀਤਾ ਜਾਂਦਾ ਹੈ। ਅਸਲ ਵਿਚ ਜੋ ਵੀ ਰਿਸ਼ਤੇਦਾਰ, ਮਿੱਤਰ ਸੰਬੰਧੀ ਇਸ ਸਭ ਕੁਝ ਵਿਚ ਸ਼ਾਮਲ ਹੋ ਕੇ ਵੇਖਦੇ ਹਨ ਇਸ ਪ੍ਰਤੀ ਕੋਈ ਚੰਗਾ ਪ੍ਰਤੀਕਰਮ ਨਹੀਂ ਕਰਦੇ ਸਗੋਂ ਆਮ ਸੁਨਣ ਵਿਚ ਮਿਲਦਾ ਹੈ ਇਸ ਸਭ ਦਾ ਲਾਭ ਤਾਂ ਕੇਟਰਿੰਗ, ਸਜਾਵਟ, ਫੋਟੋਗਰਾਫਰ ਵਗੈਰਾ ਨੂੰ ਹੀ ਪਹੁੰਚਦਾ ਹੈ। ਅਸਲ ਵਿਚ ਬਹੁਤੇ ਲੋਕ ਇਨ੍ਹਾਂ ਵਿਆਹਾਂ ਦਾ ਖਾਣਾ ਵਗੈਰਾ ਲਗਾਤਾਰ ਖਾ ਕੇ ਬਿਮਾਰੀਆਂ ਹੀ ਸਹੇੜਦੇ ਹਨ।

ਇਹ ਸਭ ਕੁਝ ਗੰਭੀਰਤਾ ਨਾ ਚਿੰਤਨ ਕਰਨ ਅਤੇ ਸਾਧਾ ਸੁੱਚਾ ਜੀਵਨ ਢਾਲਣ ਨਾਲ ਹੀ ਹੋ ਸਕਦਾ ਹੈ। ਇਹ ਸਾਡਾ ਸਾਰਿਆਂ ਦਾ ਜੀਵਨ ਕਰਤੱਵ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਡਾਕਟਰ ਇਕਬਾਲ ਨੇ ਲਿਖਿਆ ਹੈ ਕਿ :-

**ਅਮਲ ਸੇ ਜ਼ਿੰਦਗੀ ਬਨਤੀ ਹੈ ਜੱਨਤ ਭੀ ਜਹਨਮ ਭੀ।**
**ਯੇਹ ਖਾਕੀ ਆਪਨੀ ਫਿਤਰਤ ਮੇਂ ਨਾ ਨੂਰੀ ਹੈ ਨਾ ਨਾਰੀ ਹੈ।**

ਸੋ ਚੰਗਾ ਮਾੜਾ ਜੀਵਨ ਸਿਧਾਂਤਾਂ ਨੂੰ ਅਮਲ ਵਿਚ ਲਿਆ ਕੇ ਹੀ ਬਣਦਾ ਹੈ ਨਹੀਂ ਤਾਂ ਮਿੱਟੀ ਦਾ ਇਹ ਪੁਤਲਾ ਨਾ ਅੱਗ ਹੈ, ਨਾ ਪਾਣੀ ਹੈ।

ਵਿਆਹ ਦੀ ਰਸਮ ਸਾਦੀ ਅਤੇ ਸੰਖੇਪ ਹੋਣੀ ਚਾਹੀਦੀ ਹੈ। ਧੰਨ ਧੰਨ ਗੁਰੂ ਅਰਮਦਾਸ ਜੀ ਨੇ ਆਪਣੀ ਲੜਕੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਲਈ ਜਦੋਂ ਵਰ ਦੀ ਚੋਣ ਕੀਤੀ ਤਾਂ ਕੋਈ ਜਾਤ-ਪਾਤ, ਊਚ ਨੀਚ ਅਤੇ ਬਹੁਤੀ ਘੋਖ ਨਹੀ ਕੀਤੀ ਸੀ। ਜਦੋਂ ਗੁਰੂ ਸਾਹਿਬ ਦੇ ਮਹਿਲ ਬੀਬੀ ਮਨਸਾ ਦੇਵੀ ਜੀ ਨੇ ਕਿਹਾ ਕਿ ਆਪਣੀ ਧੀ ਬੀਬੀ ਭਾਨੀ ਜੀ ਵਿਆਹ ਲਾਇਕ ਹੋ ਗਈ ਹੈ ਤਾਂ ਉਨ੍ਹਾਂ ਕਿਹਾ ਕਿ ਜੋ ਲੜਕਾ ਘੁੰਗਣੀਆਂ ਵੇਚ ਰਿਹਾ ਹੈ ਇਹੋ ਜਿਹਾ ਲੜਕਾ ਹੋਣਾ ਚਾਹੀਦਾ ਹੈ, ਤਦ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਹੋ ਜਿਹਾ ਲੜਕਾ ਤਾਂ ਸਿਰਫ ਤੇ ਸਿਰਫ ਇਹੀ ਹੋ ਸਕਦਾ ਹੈ ਅਤੇ ਉਸ ਲੜਕੇ ਨਾਲ ਬੀਬੀ ਭਾਨੀ ਜੀ ਦਾ ਵਿਆਹ ਕਰ ਦਿੱਤਾ ਗਿਆ। ਜਿਸ ਦਾ ਪਹਿਲਾ ਨਾਮ ਜੇਠਾ ਜੀ ਸੀ ਅਤੇ ਬਾਅਦ ਵਿਚ ਗੁਰੂ ਰਾਮਦਾਸ ਜੀ ਬਣੇ। ਇਸ ਤਰ੍ਹਾਂ ਸਾਨੂੰ ਸਾਰੇ ਸਮਾਜ ਦੇ ਅਗਾਂਹਵਧੂ ਆਗੂਆਂ ਖਾਸ ਤੌਰ ਤੇ ਪੰਚਾਇਤਾਂ ਅਤੇ ਸੰਸਥਾਵਾਂ ਨੂੰ ਨਿੱਗਰ ਅਤੇ ਠੋਸ ਸਿਧਾਂਤ ਬਣਾ ਕੇ ਅਤੇ ਲਾਗੂ ਕਰਕੇ ਵਿਆਹ ਸ਼ਾਦੀਆਂ ਸਭ ਅਮੀਰ ਗਰੀਬ ਅਤੇ ਹਰ ਤਬਕੇ ਲਈ ਸੱਚੇ-ਸੁੱਚੇ ਸਾਦੇ ਸਮਾਗਮ ਕਰਨ ਲਈ ਉਪਰਾਲੇ ਕਰਨੇ ਹੀ ਸਹੀ ਦਿਸ਼ਾ ਵੱਲ ਸਮਾਜ ਦਾ ਸੁਧਾਰ ਹੈ। ਸੋ ਸਾਨੂੰ ਸਭ ਨੂੰ ਗੁਰੂਆਂ ਦੇ ਪੂਰਨਿਆਂ ਤੇ ਚੱਲ ਕੇ ਜਿਵੇਂ ਸ੍ਰੀ ਅਰਮਦਾਸ ਜੀ ਨੇ ਆਪਣੀਆਂ ਸਪੁੱਤਰੀਆਂ ਅਤੇ ਉਸ ਸਮੇਂ ਹੋਰ ਅੰਤਰਜਾਤੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਵਿਆਹ ਸੁਧਾਰ ਅਤੇ ਹੋਰ ਸੁਧਾਰ ਕੀਤੇ ਸਨ, ਕਰਨੇ ਚਾਹੀਦੇ ਹਨ।

**ਲੈ ਭਾੜਿ ਕਰੇ ਵੀਆਹੁ। ਕਢਿ ਕਾਗਲੁ ਦਸੇ ਰਾਹੁ॥**
**ਸੁਣਿ ਵੇਖਹੁ ਲੋਕਾ ਏਹੁ ਵਿਡਾਣੁ। ਮਨਿ ਅੰਧਾ ਨਾਉ ਸੁਜਾਣੁ॥**

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
ਮੋ. 98140-17067

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469


| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 47 | ਜਨਵਰੀ - 2016



1. ਨਵਾਂ ਵਰ੍ਹਾ ਮੁਬਾਰਕ 4
2. ਖਿਦਰਾਣੇ ਦੀ ਢਾਬ ਤੋਂ ਮੁਕਤਸਰ 5
3. ਬਾਬਾ ਨਾਨਕ ਦੇ ਸਿੱਖ ਦੇਸ਼-ਧ੍ਰੋਹੀ? 9
4. ਅਣਖ, ਗੌਰਵ ਤੇ ਚੜ੍ਹਦੀ ਕਲਾ ਦੇ ਪ੍ਰਤੀਕ ਗੁਰੂ ਗੋਬਿੰਦ ਸਿੰਘ 10
5. ਗੁਰ ਸਾਗਰ ਦੇ ਸੁੱਚੇ ਮੋਤੀ 13
6. ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ, ਪਿਆਰ 16
7. ਸ਼ੁੱਭ ਵਿਆਹ 18
8. ਮੋਟੇ-ਮਾਜਰਾ ਹਾਈ ਸਕੂਲ ਦੇ ਬੱਚਿਆਂ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੇ ਦਿੱਤਾ ਵਜ਼ੀਫਾ 19
9. ਮਰਨ-ਚਿਤਾ ਕਰਨੀ ਚਾਹੀਦੀ ਹੈ 20
10. ਕਹਾਣੀ (ਕਾਲਾ ਗੁਲਾਬ) 21
11. ਕਾਵਿ-ਕਿਆਰੀ 23
12. पांच देव जो हमारे घर को स्वर्ग बनाते हैं 25
13. भारत पुनरोत्थान अभियान ( IRI ) 26
14. Ahankar - ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ 29
15. A Journey From Sikh to Khalsa 30
16. ਦਾਨੀ ਸੱਜਣਾਂ ਦੀ ਸੂਚੀ 33
17. ਲਾਈਫ਼ ਮੈਂਬਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) 37
18. ਲੁਬਾਮਾ ਸੇਵਕ ਮੈਂਬਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) 38


# ਨਵਾਂ ਸਾਲ 2016 ਮੁਬਾਰਕ

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।


**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਨਵਾਂ ਵਰ੍ਹਾ ਮੁਬਾਰਕ

ਨਵੇ ਸਾਲ ਦੀਆਂ ਮੁਬਾਰਕਾਂ ਦਿੰਦਿਆ ਹੀ ਬੀਤੇ ਕੁਝ ਸਾਲਾਂ ਦੀ ਯਾਦ ਤਾਜ਼ਾ ਹੋ ਜਾਦੀ ਹੈ। ਪਹਿਲਾਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਤਿਆਰੀਆਂ ਕਈ ਕਈ ਦਿਨ ਪਹਿਲਾ ਸ਼ੁਰੂ ਹੋ ਜਾਦੀਆਂ ਸਨ ਪਰ ਹੁਣ ਤਾ ਨਵੇਂ ਵਰ੍ਹੇ ਦੀ ਵਧਾਈ ਕੁਝ ਮਿੰਟਾਂ ਦੀ ਖੇਡ ਰਹਿ ਗਈ। ਐਸ.ਐਮ.ਐਸ., ਈ-ਮੇਲ ਅਤੇ ਵਟਨਅੱਪ ਨੇ ਗਰੀਟਿੰਗ ਕਾਰਡ ਦੀ ਮਹੱਤਤਾ ਬਿਲਕੁਲ ਖਤਮ ਕਰ ਦਿੱਤੀ ਹੈ। ਮੇਸੈਜ ਅੱਜ ਜ਼ਿੰਦਗੀ ਦਾ ਅਹਿਮ ਅੰਗ ਬਣ ਗਏ ਹਨ। ਜਦੋਂ ਮੋਬਾਇਲ ਫੋਨ ਦਾ ਪ੍ਰਸਾਰ ਹੋਇਆ। ਉਦੋਂ ਮੈਸੇਜ ਹੋਂਦ ਵਿਚ ਆ ਗਏ ਪਰ ਪਿਛਲੇ 3-4 ਸਾਲਾਂ ਤੋਂ ਤਾਂ ਮੈਸੇਜ ਦਾ ਬਹੁਤ ਹੀ ਜ਼ਿਆਦਾ ਪ੍ਰਸਾਰ ਹੋ ਗਿਆ ਹੈ। ਜਦੋਂ ਤੋਂ ਮੈਸੇਜ ਹੋਂਦ ਵਿਚ ਆਏ ਹਨ ਉਦੋਂ ਤੋਂ ਗਰੀਟਿੰਗ ਕਾਰਡ ਤੇ ਚਿੱਠੀਆਂ ਦੀ ਮਹੱਤਤਾ ਤਾਂ ਬਿਲਕੁਲ ਖ਼ਤਮ ਹੋ ਗਈ।



ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240

ਪਰ ਆਪਣੇ ਮਿਤਰ ਪਿਆਰਿਆਂ ਦੀਆਂ ਨਵੇਂ ਸਾਲ ਦੀ ਮੁਬਾਰਕਾਂ ਦੀ ਉਡੀਕ ਤਾਂ ਸ਼ਾਇਦ ਹਰੇਕ ਇਨਸਾਨ ਨੂੰ ਹੀ ਰਹਿੰਦੀ ਹੈ। ਇਕ ਦਿਨ ਮੈਂ ਸੁਣਿਆਂ ਕੁਝ ਔਰਤਾਂ ਸਾਡੇ ਦਫਤਰ ਮੂਹਰੇ ਖੜੀਆਂ ਐਸ.ਐਮ.ਐਸ. ਬਾਰੇ ਗੱਲਾਂ ਕਰ ਰਹੀਆਂ ਸਨ ਕਿ “ਇਹ ਤਾਂ ਚਿੱਠੀਆਂ ਹੀ ਦੁਆਰਾ ਚੱਲ ਪਈਆਂ। ਫਰਕ ਇਹ ਹੈ ਕਿ ਚਿੱਠੀਆਂ ਕਾਗਜ਼ਾਂ ਤੇ ਲਿਖੀਆਂ ਜਾਂਦੀਆਂ ਸੀ ਤੇ ਆਹ ਮੇਸੈਜ ਜੇ, ਲੋਕ ਆਪਣੇ ਮੋਬਾਇਲਾਂ ਤੇ ਭੇਜਦੇ ਰਹਿੰਦੇ ਆ।”

ਉਨ੍ਹਾਂ ਦੀ ਗੱਲ ਕੁਝ ਹੱਦ ਤੱਕ ਸਹੀ ਵੀ ਹੈ ਪਰ ਚਿੱਠੀਆਂ ਚਿੱਠੀਆਂ ਸਨ। ਆਪਣੇ ਮਿੱਤਰ ਪਿਆਰਿਆਂ, ਸਾਕ-ਸਬੰਧੀਆਂ ਤੇ ਭੈਣਾ-ਭਰਾਵਾਂ ਦੀਆਂ ਨਵੇਂ ਸਾਲ ਦੀਆਂ ਮੁਬਾਰਕਾਂ ਦੀਆਂ ਲੰਮੀਆਂ-ਲੰਮੀਆਂ ਚਿੱਠੀਆਂ ਪੜ੍ਹਦਿਆਂ ਰਾਤਾਂ ਬੀਤ ਜਾਂਦੀਆਂ ਸਨ।

ਕਈ-ਕਈ ਦਿਨ ਤਾ ਆਪਣੇ ਸਨੇਹੀਆਂ ਦੇ ਨਵੇਂ ਸਾਲ ਦੇ ਗਰੀਟਿੰਗ ਕਾਰਡ ਉਡੀਕਦਿਆਂ ਹੀ ਲੰਘ ਜਾਂਦੇ ਸਨ। ਪਰ... ਹੁਣ ਮੋਬਾਇਲਾਂ ਰਾਹੀਂ ਇਹ ਸਾਰਾ ਪ੍ਰਸੀਜਰ ਕੁਝ ਸਕਿੰਟਾਂ ਦੀ ਖੇਡ ਬਣ ਕੇ ਰਹਿ ਗਿਆ ਹੈ।

ਨਵੇਂ ਸਾਲ ਦਾ ਚਾਅ ਵੀ ਹੁਣ ਪਹਿਲਾਂ ਵਾਂਗ ਨਹੀਂ ਰਿਹਾ। ਪਹਿਲਾਂ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਸਾਰਨ ਹੋਣ ਵਾਲਾ ਨਵੇਂ ਸਾਲ ਦਾ ਪ੍ਰੋਗਰਾਮ ਬਹੁਤ ਖਾਸੀਅਤ ਰੱਖਦਾ ਸੀ। ਕਈ ਹਫਤਿਆਂ ਦੇ ਇੰਤਜ਼ਾਰ ਮਗਰੋਂ ਨਵੇਂ ਸਾਲ ਦਾ ਪ੍ਰੋਗਰਾਮ ਦੇਖਣਾ ਨਸੀਬ ਹੁੰਦਾ ਸੀ। ਹੁਣ ਤਾ ਦੂਰਦਰਸ਼ਨ ਨੂੰ ਕੋਈ ਦੇਖਣਾ ਵੀ ਪਸੰਦ ਨਹੀਂ ਕਰਦਾ, ਬੱਸ ! ਪਿੰਡਾਂ ਦੇ ਕੁਝ ਦਰਸ਼ਕ ਜਾਂ ਜੋ ਦਰਸ਼ਕ ਆਪਣੇ ਵਿਰਸੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ ਉਹ ਹੀ ਦੂਰਦਰਸ਼ਨ ਕੇਂਦਰ ਦੇ ਪ੍ਰੋਗਰਾਮ ਦਾ ਇੰਤਜ਼ਾਰ ਕਰਦੇ ਹਨ। ਹੁਣ ਚੈਨਲਾਂ ਦੀ ਭਰਮਾਰ ਹੀ ਇੰਨੀ ਹੋ ਗਈ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਚੈਨਲ ਤੇ ਕਿਹੜਾ ਪ੍ਰੋਗਰਾਮ ਆਉਣਾ ਹੈ।

ਹਰ ਬੀਤੇ ਸਾਲ ਦੀਆਂ ਕੁੱਝ ਮਾੜੀਆਂ ਚੰਗੀਆਂ ਘਟਨਾਵਾਂ ਹੁੰਦੀਆ ਹਨ ਜੋ ਆਪਣੇ ਨਿਸ਼ਾਨ ਛੱਡ ਜਾਦੀਆਂ ਹਨ। ਬਹੁਤੀਆਂ ਘਟਨਾਵਾਂ ਤਾਂ ਅਜਿਹੀਆਂ ਹੁੰਦੀਆਂ ਹਨ ਜੋ ਹਰ ਸਾਲ ਹੀ ਵਾਪਰਦੀਆਂ ਹਨ। ਹਰ ਸਾਲ ਦੇ ਸ਼ੁਰੂ ਵਿੱਚ ਅਸੀਂ ਦੁਆਵਾਂ ਕਰਦੇ ਹਾਂ ਕਿ ਜੋ ਮਾੜਾ ਬੀਤੇ ਵਰ੍ਹੇ ਬੀਤਿਆ ਹੈ ਉਹ ਨਵੇਂ ਸਾਲ ਵਿੱਚ ਨਾ ਵਾਪਰੇ ਪਰ। ਹਰ ਸਾਲ ਕੈਲੰਡਰ ਬਦਲ ਜਾਂਦੇ ਹਨ, ਡਾਈਰੀਆਂ ਬਦਲ ਜਾਦੀਆਂ ਹਨ, ਜੰਤਰੀਆ ਬਦਲ ਜਾਂਦੀਆਂ ਹਨ ਪਰ।

ਆਓ ਕਾਮਨਾ ਕਰੀਏ ਕਿ ਆਉਣ ਵਾਲੇ ਸਾਲ ਵਿੱਚ ਸਭ ਨੂੰ ਸੁੱਖ ਮਿਲੇ। ਮਨੁੱਖ ਇਨ੍ਹਾਂ ਸੋਝੀਵਾਨ ਹੋ ਜਾਵੇ ਕਿ ਉਹ ਰੁੱਖਾਂ ਨੂੰ ਕੱਟਣ ਦੀ ਬਜਾਏ ਆਪਣੇ ਦੇਸ਼, ਆਪਣੀ ਧਰਤੀ ਨੂੰ ਹਰਾ ਭਰਿਆ ਰੱਖੇ। ਕੋਈ ਮਨੁੱਖ ਦਾਜ ਦਾ ਲਾਲਚੀ ਨਾ ਰਹੇ, ਕੰਨਿਆਂ ਆਪਣੇ ਬਾਬਲ ਦੀ ਪੱਗੜੀ ਦੀ ਲਾਜ ਰੱਖਣ ਦੇ ਸਮਰੱਥ ਹੋਵੇ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਕੋਈ ਕੰਨਿਆਂ ਨੂੰ ਪੇਟ ਵਿੱਚ ਨਾ ਮਾਰੇ। ਨੇਤਾਵਾਂ ਦੇ ਅੰਦਰਲੇ ਸ਼ੈਤਾਨ ਮਰ ਜਾਣ, ਸਾਰੇ ਨੇਤਾ ਰਿਸ਼ਵਤ ਮੁਕਤ ਹਿੰਦੁਸਤਾਨ ਦੀ ਸਿਰਜਣਾ ਕਰਨ। ਕੋਈ ਸਰਕਾਰ ਜ਼ਰੂਰਤ ਦੀਆਂ ਚੀਜ਼ਾਂ ਮਹਿੰਗੀਆਂ ਨਾ ਕਰੇ ਸਕੇ। ਇਸ ਧਰਤੀ ਤੇ ਕੋਈ ਭੁੱਖਾ ਨਾ ਸੌਂਵੇ। ਵਿਦਿਆ ਦਾ ਚਾਨਣ ਘਰ ਘਰ ਪਹੁੰਚੇ। ਆਉਣ ਵਾਲਾ ਸਾਲ ਹਰੇਕ ਲਈ ਖੁਸ਼ੀਆਂ ਭਰਿਆ ਹੋਵੇ।

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਸ. ਰੂਪ ਸਿੰਘ

ਮੁਕਤਸਰ ਇਕ ਪ੍ਰਸਿੱਧ ਨਗਰ ਹੈ। ਇਸ ਅਸਥਾਨ ਦਾ ਪਹਿਲਾਂ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ, ਜੋ ਸਾਲ ਭਰ ਦੂਰ-ਦੁਰਾਡੇ ਤਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ, ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫ਼ੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ ਤੇ ਫਿਰ ਇਸ ਅਸਥਾਨ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖੂਨ ਨਾਲ ਇਹ ਧਰਤੀ ਹਮੇਸ਼ਾਂ-ਹਮੇਸ਼ਾਂ ਪਾਵਨ ਹੋ ਮੁਕਤਸਰ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ, ਪਾਵਨ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫ਼ਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ, ਮੁਕਤਸਰ ਕਿਵੇਂ ਬਣੀ? ਇਤਿਹਾਸਕ ਵਾਕਿਆ ਇਉਂ ਹੈ-



1701 ਈ. ਤੱਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂੰ ਸਨ। ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਨਾਲ ਉਨ੍ਹਾਂਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫੌਜੀ ਮਦਦ ਦੀ ਮਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ, ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਅਨੰਦਪੁਰ ਸਾਹਿਬ ਨੂੰ ਚੁਫ਼ੇਰੇ ਤੋਂ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ-ਜੰਗ ਵਿਚ ਪਹਾੜੀਆਂ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੇ ਲੜਾਈ ਨਾਲੋਂ ਘੇਰਾਬੰਦੀ 'ਤੇ ਜ਼ਿਆਦਾ ਜ਼ੋਰ ਦਿੱਤਾ।




1704 ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫੌਜਾਂ ਹਮਲਾ ਕਰਕੇ ਦੁਸ਼ਮਣਾਂ ਦਾ ਜਾਨੀ ਨੁਕਸਾਨ ਕਰਦੇ ਹੋਏ ਰਸਦਾਂ 'ਤੇ ਕਾਬਜ਼ ਹੋ ਜਾਂਦੀਆਂ। ਖਾਲਸਾ ਫੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਦਿਲ ਦਹਿਲ ਚੁੱਕੇ ਸਨ। ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ। ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ-ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਐਸਾ ਕਮਾਲ ਦਾ ਆਤਮ ਵਿਸ਼ਵਾਸ, ਐਸਾ ਵਿਸਮਾਦੀ ਹੌਂਸਲਾ ਤੇ ਸਾਹਸ ਭਰ ਦਿੱਤਾ ਸੀ ਕਿ ਖਾਲਸਾ ਸਮੇਂ-ਸਮੇਂ ਗੁਰੂ ਜੀ ਨੂੰ ਆਪਣੀ ਆਜ਼ਾਦ ਸਲਾਹ ਤੇ ਸੁਝਾਅ ਦੇ ਦਿਆ ਕਰਦਾ ਸੀ ਤੇ ਗੁਰੂ ਜੀ ਉਸ ਉੱਪਰ ਅਮਲ ਦਰਾਮਦ ਹਿਤ ਡੂੰਘੀ ਵਿਚਾਰ ਕਰਦੇ। ਗੁਰੂ ਪਾਤਸ਼ਾਹ ਦੀ ਇਹ ਸਦਾ ਹੀ ਕੋਸ਼ਿਸ਼ ਰਹੀ ਸੀ ਕਿ ਉਨ੍ਹਾਂ ਦੇ ਸਿੰਘਾਂ ਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੋਵੇ। ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ

ਸਮੇਂ ਯੁੱਧ ਦੇ ਢੰਗ-ਤਰੀਕੇ ਅਲੱਗ-ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ ਸਿੰਘਾਂ ਨੂੰ ਸਬਰ, ਸੰਤੋਖ ਵਿਚ ਔਖਾ ਸਮਾਂ ਕੱਟ ਲੈਣ ਲਈ ਕਿਹਾ। ਗੁਰੂ ਜੀ ਨੇ ਫੁਰਮਾਇਆ ਕਿ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਹੈ। ਇਹ ਪਰਖ ਦੀ ਘੜੀ ਹੈ। ਮੁਸ਼ਕਲਾਂ ਦੀ ਭੱਠੀ ਵਿਚ ਤਪਣ ਤੋਂ ਬਿਨਾਂ ਸੋਨਾ ਸ਼ੁੱਧ ਨਹੀਂ ਹੁੰਦਾ, ਪਰ ਕੁਝ ਸਿੰਘ ਬਿਖੜੇ ਸਮੇਂ ਗੁਰੂ ਜੀ ਦਾ ਸਾਥ ਛੱਡਣ ਲੱਗੇ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਦੁਨੀਆਂ ਦਾ ਹਰ ਇਨਸਾਨ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ :

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥**

ਪੇਟ ਦੀ ਭੁੱਖ ਸਹਿਣੀ ਕੋਈ ਸੁਖਾਲੀ ਨਹੀਂ। ਇਹ ਇਨਸਾਨ ਨੂੰ ਕੁਝ ਵੀ ਕਰਨ ਵਾਸਤੇ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ 40 ਦੱਸੀ ਗਈ ਹੈ) ਨੇ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਇਨ੍ਹਾਂ ਸਿੰਘਾਂ ਬੇਨਤੀ ਕੀਤੀ-'ਗੁਰਦੇਵ ! ਅਸੀਂ ਜਾਣਾ ਚਾਹੁੰਦੇ ਹਾਂ।'

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ-ਦੇ ਜਾਓ। ਕਹਿੰਦੇ ਹਨ ਕਿ ਵਕਤ ਪਾ ਕੇ ਬੰਦਾ ਪੂਰਵ-ਵਕਤ ਵਿਚ ਕਿਸੇ ਅਵਸਰ ਉੱਪਰ ਕਹੀ ਆਪਣੀ ਹੀ ਗੱਲ ਭੁਲਾ ਸਕਦਾ ਹੈ ਪਰ ਕਿਸੇ ਨੂੰ ਲਿਖ ਕੇ ਦਿੱਤਾ ਵਿਵਰਣ ਥੋੜ੍ਹੇ ਕੀਤੇ ਭੁਲਾਇਆ ਨਹੀਂ ਜਾ ਸਕਦਾ। ਸਿੰਘਾਂ ਲਿਖ ਕੇ ਕੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਹ ਲਿਖਤ ਵਿਚ ਸਪਸ਼ਟ ਲਿਖਿਆ ਦੱਸਿਆ ਜਾਂਦਾ ਹੈ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਇਨ੍ਹਾਂ ਸਿੰਘਾਂ ਨੇ ਅਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਆਪਣੀ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁੱਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁੱਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵੱਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤੇ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਥਿਤੀ ਉੱਪਰ ਵਿਚਾਰ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫੌਜ਼ਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਅਨੰਦਮਈ ਧਰਤੀ ਨੂੰ ਹਮੇਸ਼ਾਂ-ਹਮੇਸ਼ਾਂ ਲਈ ਛੱਡ ਦਿੱਤਾ। ਅਨੰਦਪੁਰ ਸਾਹਿਬ ਦਾ ਕਿਲ੍ਹਾ ਅਨੰਦਗੜ੍ਹ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਰਮਾਂ-ਇਕਰਾਰ ਭੁਲਾ ਕੇ ਪਿੱਛੋਂ ਹਮਲਾ ਕਰਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਚਮਕੌਰ ਦੀ ਗੜ੍ਹੀ ਵਿਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿੱਤਰ ਪਿਆਰੇ ਨੂੰ ਹਾਲ



ਮੁਰੀਦਾਂ ਦਾ' ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਮਈ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ।

ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ-ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣਾਂ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਸਾਹਿਬ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ-ਤੱਤੇ ਵਿਚ ਜੂਝਦਿਆਂ ਤੱਕ-ਤੱਕ ਕੇ ਖੁਸ਼ ਹੋ ਰਹੇ ਸਨ। ਸਮੇਂ-ਸਮੇਂ ਗੁਰਦੇਵ ਜੀ ਨੇ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੁਸ਼ਮਣ ਫੌਜ ਅਨਗਿਣਤ ਹੋਣ ਦੇ ਬਾਵਜੂਦ ਠੀਕ ਤਰ੍ਹਾਂ ਕਦਮ ਨਹੀਂ ਟਿਕਾ ਸਕੀ। ਸਿੰਘ ਭਾਵੇਂ ਗਿਣਤੀ ਦੇ ਸਨ ਪਰ ਉਨ੍ਹਾਂ ਅੰਦਰ ਗੁਰੂ ਪ੍ਰੀਤੀ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਉਪਰੋਂ ਦਿਨ ਸਖ਼ਤ ਗਰਮੀ ਦੇ, ਪਾਣੀ ਦੇ ਇਕੋ-ਇਕ ਸੋਮੇ 'ਤੇ ਕਬਜ਼ਾ ਸਿੰਘਾਂ ਦਾ। ਇਹ ਕਾਰਨ ਸਨ ਦੁਸ਼ਮਣ ਫੌਜਾਂ ਦੀ ਹਾਰ ਦੇ। ਅਕਾਲ ਪੁਰਖ ਨੇ ਖ਼ਾਲਸੇ ਨੂੰ ਫਤਹਿ ਬਖਸ਼ੀ।

ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ-ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾਂ ਤੇ ਮੁਖੜੇ ਸਾਫ ਕਰਦੇ ਅਤੇ ਬਖਸ਼ਿਸ਼ਾਂ ਕਰਦੇ, 'ਇਹ ਮੇਰਾ ਪੰਜ ਹਜ਼ਾਰੀ-ਇਹ ਮੇਰਾ ਦਸ ਹਜ਼ਾਰੀ-ਇਹ ਮੇਰਾ ਤੀਹ ਹਜ਼ਾਰੀ'। ਐਸੀਆਂ ਬਖਸ਼ਿਸਾਂ ਕਰਦੇ ਗੁਰਦੇਵ ਪਿਤਾ ਜਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ। ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਹਨ। ਗੁਰਦੇਵ ਸੂਰਮੇ ਸਿੰਘ ਦਾ ਮੁਖੜਾ ਸਾਫ ਕਰਦੇ ਹਨ ਤੇ ਮੂੰਹ ਵਿਚ ਪਾਣੀ ਪਾਉਂਦੇ ਹਨ। ਸੀਸ ਗੋਦ ਵਿਚ ਰੱਖਦੇ ਹਨ ਤੇ ਮੁਖਾਰਬਿੰਦ ਤੋਂ ਬਚਨ ਅਲਾਉਂਦੇ ਹਨ, 'ਮੁਕਤਿ ਜੁਗਤਿ ਸਭ ਹਾਜ਼ਰ ਹੈ.... ਮੰਗ ਭਾਈ ਮਹਾਂ ਸਿੰਘ ! ਜੋ ਚਾਹੁੰਦਾ ਹੈਂ?'

ਭਾਈ ਮਹਾਂ ਸਿੰਘ ਗਿੜਗਿੜਾਇਆ, 'ਦਸਮੇਸ਼ ਪਿਤਾ ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ। ਗੁਰੂ ਜੀ, ਆਪ ਜੀ ਨੇ ਬਖਸ਼ਿਸ਼-ਰਹਿਮਤ ਕੀਤੀ

ਹੈ।ਹੁਣ ਕੋਈ ਤਮੰਨਾ ਨਹੀਂ।'

'ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ.....!'

'ਗੁਰਦੇਵ ਪਿਤਾ! ਜੇ ਤੁੱਠੇ ਹੋ ਕਿਰਪਾ ਨਿਧਾਨ! ਤਾਂ ਸਾਡੀ ਟੁੱਟੀ ਮੇਲ ਲਵੋ....ਕਾਗਜ਼ ਦਾ ਉਹ ਟੁਕੜਾ ਪਾੜ ਦਿਓ।ਜੋ ਅਸੀਂ ਵੱਡੀ ਭੁੱਲ ਕਰਕੇ ਦੇ ਆਏ ਸਾਂ.....!'

ਧੰਨ ਹਨ ਗੁਰਦੇਵ ਪਿਤਾ, ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਨੇ ਭੁੱਲਾਂ ਬਖਸ਼ਾ ਅਕਾਲ ਪੁਰਖ ਦੇ ਸ਼ੁਕਰਾਨੇ ਦੇ ਭਾਵ ਵਿਚ ਹੱਥ ਉੱਪਰ ਚੁੱਕੇ। ਗੁਰੂ ਦੀਆਂ ਨਜ਼ਰਾਂ 'ਚ ਸੁਰਖਰੂ ਹੋ ਕੇ ਸਿੱਖ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਇਵੇਂ ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ। ਇਨ੍ਹਾਂ ਚਾਲੀਆਂ ਮੁਕਤਿਆਂ ਦੇ ਨਾਮ ਇਸ ਪ੍ਰਕਾਰ ਹਨ –

**ਚਾਲੀ ਮੁਕਤੇ** - 1. ਭਾਈ ਭਾਗ ਸਿੰਘ, 2. ਭਾਈ ਦਿਲਬਾਗ ਸਿੰਘ, 3. ਭਾਈ ਮਾਨ ਸਿੰਘ, 4, ਭਾਈ ਨਿਧਾਨ ਸਿੰਘ, 5. ਭਾਈ ਖਰਬੰਦਾ ਸਿੰਘ, 6, ਭਾਈ ਦਰਬਾਰਾ ਸਿੰਘ, 7. ਭਾਈ ਦਿਆਲ ਸਿੰਘ, 8, ਭਾਈ ਨਿਹਾਲ ਸਿੰਘ, 9, ਭਾਈ ਕੁਸ਼ਾਲ ਸਿੰਘ, 10. ਭਾਈ ਗੰਡਾ ਸਿੰਘ, 11. ਭਾਈ ਈਸ਼ਮਰ ਸਿੰਘ, 12. ਭਾਈ ਸਿੰਘਾ, 13. ਭਾਈ ਭੁੱਲਾ ਸਿੰਘ, 14. ਭਾਈ ਸੁਲੇਹ ਸਿੰਘ, 15. ਭਾਈ ਚੰਭਾ ਸਿੰਘ, 16. ਭਾਈ ਗੰਡਾ ਸਿੰਘ, 17. ਬਾਈ ਸੁਮੇਰ ਸਿੰਘ, 18. ਭਾਈ ਸੁਲਤਾਨ ਸਿੰਘ, 19. ਭਾਈ ਮਾਇਆ ਸਿੰਘ,



20. ਭਾਈ ਮੱਸਾ ਸਿੰਘ, 21. ਭਾਈ ਸਰਜਾ ਸਿੰਘ, 22. ਭਾਈ ਸੌਦਾ ਸਿੰਘ, 23. ਭਾਈ ਗੁਲਾਬ ਸਿੰਘ, 24. ਭਾਈ ਹਰਸਾ ਸਿੰਘ, 25. ਭਾਈ ਸੰਗਤ ਸਿੰਘ, 27. ਭਾਈ ਧੰਨਾ ਸਿੰਘ, 28. ਭਾਈ ਕਰਮ ਸਿੰਘ, 29. ਭਾਈ ਕਿਰਤ ਸਿੰਘ, 30. ਭਾਈ ਲਛਮਣ ਸਿੰਘ, 31.ਭਾਈ ਬੁੱਧਾ ਸਿੰਘ, 32. ਭਾਈ ਕੇਸੋ ਸਿੰਘ, 33. ਭਾਈ ਯਾਦੋ ਸਿੰਘ, 34. ਭਾਈ ਸੋਭਾ ਸਿੰਘ, 35. ਭਾਈ ਭੰਗਾ ਸਿੰਘ, 36. ਭਾਈ ਜੋਗਾ ਸਿੰਘ, 37. ਭਾਈ ਧਰਮਾ ਸਿੰਘ, 38. ਭਾਈ ਕਰਮ ਸਿੰਘ, 39. ਭਾਈ ਕਾਲਾ ਸਿੰਘ, 40. ਭਾਈ ਮਹਾਂ ਸਿੰਘ।

ਆਓ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਂਤਾਂ ਅਨੁਸਾਰਜੀਵਨ ਜੀਵੀਏ! ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸ਼ਖਸੀ ਪੂਜਾ ਕਰਨੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਹੀ ਗੱਲ ਹੈ!

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਬਾਬਾ ਨਾਨਕ ਦੇ ਸਿੱਖ ਦੇਸ਼-ਧ੍ਰੋਹੀ?

ਕੁਲਵੰਤ ਕੌਰ (ਡਾ.)

ਗੁਰੂ ਨਾਨਕ ਦੇਵ ਜੀ ਮਹਾਂ ਇਨਕਲਾਬੀ ਵਿਚਾਰਧਾਰਾ ਦੀ ਅਨੁਸਾਰੀ, ਸਿੱਖ ਸਿਧਾਂਤਾਂ ਦੀ ਪ੍ਰਤਿਪਾਲਕ, ਸੱਚ 'ਤੇ ਮਰ ਮਿਟਣ ਦੀ ਗੁੜ੍ਹਤੀ ਦੀ ਵਾਰਿਸ, 'ਪਹਿਲਾਂ ਮਰਣ ਕਬੂਲ ਜੀਵਨ ਕੀ ਛਡਿ ਆਸ' ਦੀ ਪਾਲਕ ਅਤੇ 'ਮਰਣੁ ਮੁਨਸਾ ਸੂਰਿਆ ਹਕੁ ਹੈ' ਦੀ ਲਿਖਾਇਕ ਸਿੱਖ ਕੌਮ ਅੱਜ ਦੇਸ਼-ਧ੍ਰੋਹੀ ਗਰਦਾਨੀ ਜਾ ਰਹੀ ਹੈ। ਹਿੰਦੁਸਤਾਨ ਦੀ ਜੰਗ-ਏ-ਆਜ਼ਾਦੀ ਵਿਚ ਦੋ ਪ੍ਰਤੀਸ਼ਤ ਤੋਂ ਵੀ ਘੱਟ ਹੁੰਦਿਆਂ ਜਿਨ੍ਹਾਂ ਮਰਜੀਵੜਿਆਂ ਨੇ ਘਰ-ਘਾਟ ਗਵਾਏ, ਜੇਲ੍ਹਾਂ ਵਿਚ ਸੜੇ, ਕਾਲ ਕੋਠੜੀਆਂ ਦੇ ਹਮਸਫ਼ਰ ਬਣੇ, ਕਾਲੇ ਪਾਣੀਆਂ ਦੀ ਜਲਾਵਤਨੀ ਭੋਗੀ, ਕਾਮਾਗਾਟਾਮਾਰੂ ਜਿਹੇ ਦੁਖਾਂਤ ਝੱਲੇ, ਗ਼ਦਰੀ ਬਣ ਕੇ ਵਿਦੇਸ਼ੀਂ ਜੂਝੇ, ਫਾਂਸੀਆਂ 'ਤੇ ਲਟਕੇ, ਗੁਰਬਤ ਹੰਢਾਈ ਅਤੇ ਆਪਣੇ ਮੁੱਢਲੇ ਆਜ਼ਾਦੀ ਦੇ ਅਧਿਕਾਰ ਲਈ ਚੱਟਾਨ ਵਾਂਗ ਅਡੋਲ, ਅਹਿਲ ਅਤੇ ਅਡਿੱਗ ਰਹੇ, ਉਨ੍ਹਾਂ ਦੀ ਆਲ-ਔਲਾਦ ਮੌਜੂਦਾ ਹਾਕਮਾਂ ਵੱਲੋਂ ਅੱਜ ਮੁੜ ਤੋਂ ਸਿਤਮ ਹੰਢਾਉਣ ਲਈ ਬੇਬਸ ਹੈ। ਸਮੇਂ ਦੇ ਕਰੂਰ ਚੱਕਰ ਵਿਚ ਵਿਅਕਤੀ ਬਦਲ ਜਾਂਦੇ ਹਨ, ਹਾਲਾਤ ਬਦਲ ਜਾਂਦੇ ਹਨ, ਪ੍ਰੰਤੂ ਸੱਚ ਦਾ ਇਮਤਿਹਾਨ ਕਦੇ ਪਿੱਛੇ ਨਹੀਂ ਪੈਂਦਾ। ਅੱਜ ਮੇਰੇ ਸੁਹਣੇ ਦੇਸ਼ ਪੰਜਾਬ ਦੀ ਜਿਹੜੀ ਦੁਰਦਸਾ ਹੈ, ਇਹ ਸਾਰੇ ਜ਼ਮਾਨੇ ਦੇ ਸਾਹਮਣੇ ਹੈ। ਦੇਸ਼-ਧ੍ਰੋਹੀ ਆਖੋ ਜਾਂ ਦੇਸ਼-ਭਗਤ, ਪੰਜਾਬੀ (ਖ਼ਾਸ ਤੌਰ 'ਤੇ ਸਿੱਖ) ਅੱਜ ਸੜਕਾਂ-ਚੌਰਾਹਿਆਂ 'ਤੇ ਹਨ। ਧਰਨਿਆਂ, ਰੋਸ ਪ੍ਰਦਰਸ਼ਨਾਂ ਅਤੇ ਸੜਕਾਂ-ਬੱਸਾਂ ਰੋਕ ਕੇ ਵਿਰੋਧ ਕਰਨ ਵਾਲੇ ਲੋਕ ਪੰਜਾਬ ਦੇ ਦੁਸ਼ਮਣ ਨਹੀਂ, ਇਸ ਦੇ ਹਿਤੈਸ਼ੀ ਹਨ-ਇਸਦੇ ਅਸਲੀ ਸ਼ੁੱਭਚਿੰਤਕ ਜਿਹੜੇ ਬਾਲੇ ਜਾ ਰਹੇ ਭਾਂਬੜਾਂ ਨੂੰ ਬੁਝਾਉਣਾ ਲੋਚਦੇ ਹਨ।

ਬੇਰੁਜ਼ਗਾਰੀ, ਬੇਭਰੋਸਗੀ, ਮੰਦਹਾਲੀ, ਗ਼ਰੀਬੀ, ਕਰਜ਼ਿਆਂ ਦੀ ਬੋਝਲ ਪੰਡ ਤੇ ਨਸ਼ਿਆਂ ਦੀ ਚਪੇਟ ਵਿਚ ਧੱਕੇ ਪੰਜਾਬੀ ਥੱਕ ਹਾਰ ਕੇ ਘਰਾਂ ਦੀ ਦਹਿਲੀਜ਼ ਤੋਂ ਬਾਹਰ ਆ ਗਏ ਹਨ। ਕੋਈ ਜਾਇਜ਼ ਨਾਜਾਇਜ਼ ਹਰ ਹਰਬਾ ਵਰਤ ਕੇ ਬਾਹਰਲੀਆਂ ਧਰਤੀਆਂ 'ਤੇ ਪੁੱਜ ਜਾਣਾ ਲੋਚਦਾ ਹੈ ਤੇ ਕੋਈ ਧੀ ਬਾਹਰ ਵਿਆਹ ਕੇ ਸਾਰੇ ਟੱਬਰ ਨੂੰ ਇੱਥੋਂ ਕੱਢ ਲੈਣ ਲਈ ਕਾਹਲੀ ਹੈ। ਮਾਲਟਾ ਵਿਚ ਡੁੱਬੀਆਂ ਕਿਸ਼ਤੀਆਂ ਵੀ ਸਾਡੇ ਲੋਕਾਂ ਦੇ ਹੌਸਲੇ ਪ੍ਰਸਤ ਨਹੀਂ ਕਰ ਸਕੀਆਂ ਕਿਉਂਕਿ ਪੰਜਾਬ ਦੇ ਹਾਲਾਤ ਹੁਣ ਇਸ ਕਦਰ ਧਮਾਕਾਖੇਜ਼ ਹਨ ਕਿ ਕੋਈ ਵੀ ਜਾਗਦੀ ਜ਼ਮੀਰ ਵਾਲਾ ਬੰਦਾ ਇਥੇ ਰਹਿਣ ਨੂੰ ਤਿਆਰ ਨਹੀਂ। ਲਿਆਕਤ ਦੀ ਇਥੇ ਕਦਰ ਕੋਈ ਨਹੀਂ ਹੈ। ਮੈਰਿਟ ਪੈਰਾਂ ਵਿਚ ਰੁਲਦੀ ਫਿਰਦੀ ਹੈ। ਭਾਈ ਭਤੀਜਾਵਾਦ ਦਾ ਬੋਲਬਾਲਾ ਹੈ। ਅਗਲੀਆਂ ਪੀੜ੍ਹੀਆਂ ਦਾ ਭਵਿੱਖ ਧੁੰਦਲਾ ਦਿਸ ਰਿਹਾ ਹੈ। ਕਿਰਸਾਨੀ ਮਰ ਰਹੀ ਹੈ। ਕਿਸਾਨ-ਮਾਰੂ ਨੀਤੀਆਂ ਕਾਰਪੋਰੇਟਾਂ ਨੂੰ ਮੁਆਫ਼ਿਕ ਆ ਰਹੀਆਂ ਹਨ। ਖੇਤ-ਮਜ਼ਦੂਰ ਕੰਗਾਲ ਹਨ। ਫਸਲ ਦਾ ਖੇਹ-ਖਰਾਬਾ ਸੈਂਕੜੇ ਆਤਮ ਹੱਤਿਆਵਾਂ ਦਾ ਸਬੱਬ ਬਣ ਰਿਹਾ ਹੈ। ਧਰਮ ਗ੍ਰੰਥਾਂ ਦੀ ਚੋਰੀ ਤੇ ਬੇਅਦਬੀ ਕਰਵਾਈ ਜਾ ਰਹੀ ਹੈ। ਪੁਲੀਸ-ਪ੍ਰਸਾਸ਼ਨ ਬੇਖੌਫ਼ ਹੈ ਜਿਹੜਾ ਗੁਨਾਹਗਾਰਾਂ ਦੀ ਬਜਾਇ ਬੇਕਸੂਰਾਂ 'ਤੇ ਗੋਲੀਆਂ ਦਾਗ਼ ਰਿਹਾ ਹੈ। ਸਾਰੇ ਹਾਲਾਤ ਰਲ ਕੇ ਜਦੋਂ ਵਿਸਫੋਟਕ ਰੂਪ ਧਾਰ ਲੈਣ ਫਿਰ ਲੋਕ-ਰੋਹ ਸੜਕਾਂ-ਬਾਜ਼ਾਰਾਂ ਤੱਕ ਪੁੱਜ ਜਾਂਦਾ ਹੈ। ਬਜਾਇ ਇਸ ਮਹਾਂ ਪ੍ਰਚੰਡ ਲੋਕ-ਰੋਹ ਨੂੰ ਸਮਝਣ, ਵਿਚਾਰਨ ਅਤੇ ਨਿਬੇੜਨ ਦੇ, ਤਾਕਤ ਦੀ ਅੰਨ੍ਹੀ ਵਰਤੋਂ ਇਸ ਨੂੰ ਹੋਰ ਭਿਅੰਕਰ ਬਣਾ ਰਹੀ ਹੈ। ਵਿਰੋਧੀ ਸੁਰਾਂ ਨੂੰ ਬਣਦੇ ਹੱਕ ਪ੍ਰਦਾਨ ਕਰਕੇ ਸ਼ਾਂਤ ਕਰਨ ਦੀ ਥਾਂ ਉਨ੍ਹਾਂ ਨੂੰ ਦੇਸ਼-ਧ੍ਰੋਹੀ ਮਾਮਲਿਆਂ ਦੇ ਲਕਬ ਨਾਲ ਗਰਦਾਨਣਾ ਪਿਛਲੀਆਂ ਕੌਮੀ ਸਰਕਾਰਾਂ ਦੇ ਸਿੱਖਾਂ ਲਈ ਅਤਿਵਾਦੀ, ਆਤੰਕਵਾਦੀ ਤੇ ਦਹਿਸ਼ਤਗਦ ਜਿਹੇ ਘਟੀਆ ਲਕਬਾਂ ਨੂੰ ਪੁਸ਼ਟ ਕਰਨ ਵਾਲੀ ਕਾਰਵਾਈ ਹੈ।

ਸ਼ਹੀਦ ਭਗਤ ਸਿੰਘ, ਸ. ਊਧਮ ਸਿੰਘ ਤੇ ਸ. ਕਰਤਾਰ ਸਿੰਘ ਸਰਾਭਾ ਜਿਹੇ ਯੋਧੇ ਵੀ ਦੇਸ਼-ਭਲਾਈ, ਸੁਤੰਤਰ ਫਿਜ਼ਾ ਦੀ ਤਾਂਘ ਅਤੇ ਅਸਹਿਣਸ਼ੀਲਤਾ ਤੋਂ ਪ੍ਰੇਰਿਤ ਹੋ ਕੇ ਹੀ ਕੌਮੀ ਨਾਇਕ ਬਣੇ ਸਨ ਜਿਨ੍ਹਾਂ ਨੂੰ ਵਕਤੀ ਹਾਕਮਾਂ ਨੇ ਦੇਸ਼-ਧ੍ਰੋਹੀ ਤੇ ਆਤੰਕਵਾਦੀ ਐਲਾਨਿਆ ਸੀ ਪਰ ਉਹ ਵਿਦੇਸ਼ੀ ਹੁਕਮਰਾਨ ਸਨ-ਕਾਰਪੋਰੇਟੀ ਤਾਕਤਾਂ ਜਿਹੜੀਆਂ ਕਦੇ ਈਸਟ ਇੰਡੀਆ ਕੰਪਨੀ ਬਣ ਕੇ ਇਥੇ ਵਪਾਰ ਕਰਨ ਪਹੁੰਚੀਆਂ ਸਨ ਪਰ ਅੱਗ ਲੈਣ ਆਈਆਂ ਘਰ ਵਾਲੀਆਂ ਬਣ ਬੈਠੀਆਂ ਸਨ। ਅਜੋਕੇ ਪੰਜਾਬ ਵਿਚ ਪੰਥਕ ਅਖਵਾਉਣ ਵਾਲੀ ਸਰਕਾਰ ਹੈ ਜਿਸ 'ਤੇ ਬੜੀਆਂ ਆਸਾਂ ਉਮੀਦਾਂ ਲਾ ਕੇ ਲੋਕਾਂ ਨੇ ਇਨ੍ਹਾਂ ਨੂੰ ਵਾਂਗਡੋਰ ਸੰਭਾਲੀ ਸੀ। ਇਹ ਪੰਜਾਬ ਦੀ ਬਹੁਗਿਣਤੀ ਕੌਮ (ਸਿੱਖ) ਦੀਆਂ ਆਸਾਂ ਉਮੀਦਾਂ 'ਤੇ ਪੂਰੀ ਨਹੀਂ ਉਤਰ ਸਕੀ (ਕਾਰਨ ਭਾਵੇਂ ਕੋਈ ਵੀ ਕਿਉਂ ਨਾ ਰਹੇ ਹੋਣ)।

ਢਾਈ ਸੌ ਸਾਲਾਂ ਤੱਕ ਦਸ ਗੁਰੂ ਪਾਤਿਸ਼ਾਹੀਆਂ ਤੇ ਅਨੇਕ ਭਗਤਾਂ, ਭੱਟਾਂ ਤੇ ਗੁਰੂ ਘਰ ਦੇ ਅਨਿੰਨ ਸੇਵਕਾਂ, ਕੀਰਤਨੀਆਂ, ਯੋਧਿਆਂ, ਮਹਾਂਬਲੀਆਂ ਅਤੇ ਜਰਨੈਲਾਂ ਦੀ ਠਹਿਰ ਰਿਹਾ ਪੰਜਾਬ ਅੱਜ ਬੇਚੈਨ ਹੈ। ਇਸ ਦੀ ਬ੍ਰਹਿਮੰਡੀ ਤੇ ਸਰਬੱਤ ਦੇ ਭਲੇ ਦੀ ਬੋਧਕ ਵਿਚਾਰਧਾਰਾ ਅਣਗੌਲੀ ਜਾ ਰਹੀ ਹੈ। ਇਥੋਂ ਦੇ ਲੋਕ ਅੱਜ ਡੂੰਘੇ ਸਦਮੇ ਵਿਚ ਹਨ। ਆਮ ਵਿਅਕਤੀ ਦੀ ਅਣਦੇਖੀ, ਪੁਲਿਸ ਤਸ਼ੱਦਦ, ਵੋਟਾਂ ਦੀ ਰਾਜਨੀਤੀ, ਹਰੇਕ ਚੀਜ਼ ਦਾ ਸਿਆਸੀਕਰਨ, ਲਾਕਾਨੂੰਨੀ, ਡੇਰਿਆਂ ਦੀ ਬੜ੍ਹਕ, ਬਾਬਿਆਂ ਦੀ ਚੜ੍ਹਤ, ਗੁਰਮਤਿ ਸਿਧਾਂਤਾਂ ਦੀ ਕਿਰਕਿਰੀ, ਕਾਰਪੋਰੇਟ ਘਰਾਣਿਆਂ ਲਈ ਫ਼ਿਕਰਮੰਦੀ, ਕਿਰਸਾਨ-ਮਾਰੂ ਨੀਤੀਆਂ, ਪਾੜ੍ਹਿਆਂ ਦੀ ਬੇਕਦਰੀ, ਧਰਮ ਤੇ ਧਾਰਮਿਕ ਅਦਾਰਿਆਂ ਦਾ ਸਿਆਸੀਕਰਨ, ਧਰਮ ਨੂੰ ਰਾਜਨੀਤੀ ਹੇਠ ਮਧੋਲਣ ਦੀ ਕੂਟਨੀਤੀ, ਚਾਰ ਚੁਫੇਰੇ ਜ਼ਿਆਦਤੀਆਂ ਅਤੇ ਆਪ ਹੁਦਰੇਪਨ ਨੇ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਲਾਂਬੂ ਲਾ ਦਿੱਤੇ ਹਨ। ਇਥੇ ਮੈਨੂੰ ਅੰਗਰੇਜ਼ੀ ਲੇਖਕਾ ਨਿਓਮੀ ਕਲੇਨ ਦੇ ਵਿਚਾਰ ਬੜੇ ਹੀ ਢੁਕਵੇਂ ਜਾਪਦੇ ਹਨ। ਉਸ ਨੇ ਵਿਭਿੰਨ ਦੇਸ਼ਾਂ ਵਿਚ ਘੁੰਮ ਕੇ ਤੇ ਉਥੋਂ ਦੇ ਹਾਲਾਤ ਦਾ ਡੂੰਘਾ ਅਧਿਐਨ ਕਰਕੇ ਇਕ ਬਹੁਤ ਵਧੀਆ ਕਿਤਾਬ ਲਿਖੀ ਹੈ – 'ਸਦਮਾ ਸਿਧਾਂਤ' (The Shock Doctrine) ਇਸ ਵਿਚ ਉਸ ਨੇ ਅਜੋਕੇ ਸੰਸਾਰ ਦੀਆਂ ਕਾਰਪੋਰੇਟ ਸ਼ਕਤੀਆਂ ਦੇ ਵੱਖ-ਵੱਖ ਮੁਲਕਾਂ ਵਿਚ ਕਾਰਜਸ਼ੀਲਤਾ ਦਾ ਡੂੰਘਾ ਮੁਤਾਲਿਆ ਕੀਤਾ ਹੈ। ਇਹ ਲਿਖਦੀ ਹੈ 'ਜਦੋਂ ਲੋਕ ਕੁਦਰਤੀ ਆਫ਼ਤਾਂ ਨਾਲ ਸਦਮੇ ਵਿਚ ਹੋਣ ਜਾਂ ਫਿਰ

ਬਨਾਉਟੀ ਢੰਗ ਨਾਲ ਉਨ੍ਹਾਂ ਨੂੰ ਸਦਮੇ ਦੇ ਕੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਾਣ ਕਿ ਲੋਕਾਂ ਦੇ ਹੌਸਲੇ ਪ੍ਰਸਤ ਹੋ ਜਾਣ, ਲੋਕ ਜੜ੍ਹੋਂ ਹਿੱਲ ਜਾਣ, ਸਮਾਜਿਕ ਉੱਥਲ-ਪੁੱਥਲ ਤੇ ਬੇਵਿਸ਼ਵਾਸੀ ਕਰਕੇ ਆਮ ਜਨਤਾ ਤ੍ਰਾਹੀ ਤ੍ਰਾਹੀ ਕਰ ਉੱਠੇ, ਇਹ ਉਹ ਢੁੱਕਵਾਂ ਸਮਾਂ ਹੁੰਦਾ ਹੈ ਜਦੋਂ ਕਾਰਪੋਰੇਟ ਤਾਕਤਾਂ ਆਪਣੀਆਂ ਮੁਨਾਫ਼ਾਖੋਰ ਨੀਤੀਆਂ ਨੂੰ ਆਰਾਮ ਨਾਲ ਲਾਗੂ ਕਰ ਸਕਦੀਆਂ ਹਨ।

ਉਪਰੋਕਤ ਲੇਖਕਾਂ ਦਾ 'ਸਦਮਾ ਸਿਧਾਂਤ' ਅੱਜ ਪੰਜਾਬ ਵਿਚ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ ਕਿਉਂਕਿ ਪਹਿਲਾਂ 1947 ਵਿਚ ਫਿਰ 1984 ਵਿਚ ਲੁੱਟੇ-ਪੁੱਟੇ, ਪਾੜੇ-ਸਾੜੇ ਤੇ ਟੋਟੇ-ਟੋਟੇ ਹੋਏ ਪੰਜਾਬ 'ਤੇ ਕਿਹੜਾ ਸੰਭਵ ਕਹਿਰ ਨਹੀਂ ਢਾਇਆ ਗਿਆ? ਇਹਦੇ ਹਜ਼ਾਰਾਂ ਗੱਭਰੂ ਅਣਪਛਾਤੀਆਂ ਲਾਸ਼ਾਂ ਕਹਿ ਕੇ ਰੋੜ੍ਹ ਦਿੱਤੇ ਗਏ। ਕੁਝ ਖਾੜਕੂ ਬਣ ਜਾਣ ਲਈ ਮਜਬੂਰ ਕਰ ਦਿੱਤੇ ਗਏ। ਅਨੇਕ ਵਿਦੇਸ਼ਾਂ ਵਿਚ ਰਾਜਸੀ ਸ਼ਰਨ ਲੈਣ ਲਈ ਬੇਬੱਸ ਹੋ ਗਏ। ਪੰਜਾਬ ਲਹੂ-ਲੁਹਾਨ ਹੁੰਦਾ ਰਿਹਾ। ਕਿਸੇ ਮਦਾਰੀ ਨੇ ਇਸ ਦੀ ਸਲਾਮਤੀ ਦਾ ਮੰਤਵ ਨਾ ਪੜ੍ਹਿਆ। ਆਪਣੀਆਂ ਚੌਧਰਾਂ, ਕੁਰਸੀਆਂ ਤੇ ਅਹੁਦਿਆਂ ਦੀ ਖ਼ਾਤਿਰ ਇਸਦੇ ਆਕਾਵਾਂ ਨੇ ਅਜ਼ੀਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਗ਼ਲਤ ਫੈਸਲੇ ਕਰਵਾ ਲਏ। ਅਕਹਿ ਲੋਕ-ਰੋਹ ਨੂੰ ਦੇਖਦਿਆਂ ਉਸ ਹੁਕਮਨਾਮੇ ਵਿਚ ਰੱਦੋ ਬਦਲ, ਬਾਅਦ ਵਿਚ ਕਈ ਹੋਰ ਗ਼ੈਰ-ਜ਼ਰੂਰੀ ਫੈਸਲੇ, ਨਾਦਰਸ਼ਾਹੀ ਹੁਕਮ, ਪੁਲੀਸ ਦਾ ਸ਼ਕਤੀ-ਪ੍ਰਦਰਸ਼ਨ, ਮੌਤਾਂ, ਹਿਰਾਸਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਗਾਤਾਰ ਬੇਅਦਬੀ, ਸਿੱਖਾਂ ਦੀ ਨਿਰੋਲ ਧਾਰਮਿਕ ਸੰਸਥਾ ਨੂੰ ਲਿਫਾਫਾਬੰਦ ਬਣਾ ਦੇਣ ਦੀਆਂ ਕੁਚਾਲਾਂ, ਪੰਜਾਬ ਨੂੰ ਨਸ਼ਿਆਂ ਦੀ ਮੰਡੀ ਵਿਚ ਤਬਦੀਲ ਕਰ ਦੇਣ ਦੀਆਂ ਨੀਤੀਆਂ, ਨਵੀਆਂ ਸ਼ਰਾਬ ਫੈਕਟਰੀਆਂ, ਕਿਰਸਾਨਾਂ ਦੀ ਅਣਦੇਖੀ ਤੇ ਫੜੋ ਫੜਾਈ ਨੇ ਬਲਦੀ 'ਤੇ ਤੇਲ ਪਾ ਦਿੱਤਾ ਹੈ।

ਪੰਜਾਬ ਦੇ ਲੋਕ ਅੱਜ ਰਾਹਤ ਭਾਲ ਰਹੇ ਹਨ ਕਿਉਂਕਿ ਉਨ੍ਹਾਂ ਦੀ ਦੁਖਦੀ ਰਗ 'ਤੇ ਹੱਥ ਰੱਖਣ ਵਾਲਾ ਅੱਜ ਕੋਈ ਨਹੀਂ ਦਿਸਦਾ। ਜਿਹੜੀ ਹੁਕਮਰਾਨਾਂ ਧਿਰ ਕਦੇ ਅਨੰਦਪੁਰੀ ਮਤੇ ਤੇ ਕਦੇ ਵੱਧ ਅਧਿਕਾਰਾਂ ਵਾਲੇ ਮਤੇ ਦੀ ਖ਼ਾਤਿਰ ਖੁਦ ਚਾਰਾਗੋਈ ਕਰਦੀ ਰਹੀ ਹੈ ਉਹ ਹੁਣ ਦੂਜੀਆਂ ਧਿਰਾਂ ਨੂੰ ਸਰਬ ਸਾਂਝੇ ਧਾਮ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥਕ ਇਕੱਠ ਕਰਨ ਦੀ ਆਗਿਆ ਕਿਉਂ ਨਹੀਂ ਦੇ ਰਹੀ? ਕੀ ਪਿਛਲੇ ਦਿਨੀਂ ਕੀਤੇ 'ਸਰਬੱਤ ਖ਼ਾਲਸਾ' (ਪੰਥਕ ਇਕੱਠ) ਵਿਚ ਕੋਈ ਹਿੰਸਕ ਕਾਰਵਾਈ ਹੋਈ? ਕੋਈ ਸ਼ਕਤੀ ਪ੍ਰਦਰਸ਼ਨ ਹੋਇਆ? ਸਰਕਾਰੀ ਰੋਕਾਂ, ਰੁਕਾਵਟਾਂ, ਦਹਿਸ਼ਤ, ਡਰ, ਖ਼ੌਫ ਦੇ ਬਾਵਜੂਦ ਇਕ ਅਣਕਿਆਸਿਆਂ ਇਕੱਠ ਕੀ ਦਰਸਾਉਂਦਾ ਹੈ? ਲੱਖਾਂ ਸੰਗਤਾਂ ਦੀ ਹਾਜ਼ਰੀ ਕੁਝ ਕਹਿ ਰਹੀ ਹੈ। ਹਾਕਮਾਂ ਨੂੰ ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। 'ਪਿਆਰ ਤੇ ਲੜਾਈ' ਵਿਚ ਸਭ ਕੁਝ ਚੱਲਦਾ ਹੈ ਅਨੁਸਾਰ ਕੁਝ ਗ਼ਲਤ ਫੈਸਲੇ ਇਸ ਇਕੱਠ ਵਿਚ ਵੀ ਹੋਏ ਪਰ ਬੇਬੱਸ ਲੋਕ ਕੀ ਕਰਨ?

ਪੰਜਾਬ ਅੱਜ ਦਸ਼ਾਹੀਣ ਅਤੇ ਦਿਸ਼ਾਹੀਣ ਹੈ। ਇਸ ਦੇ ਮਹਾਨ ਤਖ਼ਤਾਂ ਦੇ ਜਥੇਦਾਰ ਤੇ ਸਾਡੀ ਮਹਾਨ ਧਾਰਮਿਕ ਸੰਸਥਾ ਦੇ ਮੁਖੀਏ ਕੋਈ ਵੀ ਆਪਣੀ ਲਿਆਕਤ ਦੇ ਬੱਲਬੂਤੇ ਨਹੀਂ ਬੈਠਾ। ਇਹ ਚਾਪਲੂਸੀਆਂ ਤੇ ਖ਼ੁਸ਼ਾਮਦਾਂ ਕਰਨ ਲਈ ਬੇਬੱਸ ਹਨ। ਕੌਮ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਜਿਹੇ ਹੋਣੇ ਚਾਹੀਦੇ ਸਨ। 'ਸੱਚੁ ਆਚਾਰ' ਵਾਲੇ, ਮਹਾਨ ਦੂਰਅੰਦੇਸ਼ੀ ਵਾਲੇ ਅਤੇ ਨਿਸ਼ਕਾਮ ਸਖ਼ਸ਼ ਅੱਜ ਵੀ ਪੰਜਾਬ ਵਿਚ ਮੌਜੂਦ ਹਨ।

ਸੰਗਤਾਂ ਵੱਲੋਂ ਸਾਡੀ ਅਪੀਲ ਹੈ ਕਿ ਮਹਾਨ ਧਾਰਮਿਕ ਸੰਸਥਾਵਾਂ ਤੇ ਤਖ਼ਤ ਸਾਹਿਬਾਨ ਨੂੰ ਰਾਜਨੀਤੀ ਤੋਂ ਆਜ਼ਾਦ ਕਰ ਦਿਓ। ਇਨ੍ਹਾਂ ਦਾ ਕੰਟਰੋਲ ਨਿਰੋਲ ਧਾਰਮਿਕ ਸ਼ਖ਼ਸ਼ੀਅਤਾਂ ਨੂੰ ਦੇ ਦਿਓ। ਸਾਰੀਆਂ ਧਿਰਾਂ ਦੀ ਸ਼ਮੂਲੀਅਤ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸਾ ਬੁਲਾ ਕੇ, ਪਹਿਲਾਂ ਗ਼ਲਤ ਕੀਤੇ ਸਾਰੇ ਹੁਕਮਨਾਮੇ ਵਾਪਸ ਲਓ ਅਤੇ ਸਰਬ ਪ੍ਰਵਾਨਗੀ ਨਾਲ ਸਿਰੜੀ, ਸਿਦਕੀ ਅਤੇ ਧਾਰਮਿਕ ਅਕੀਦਿਆਂ ਵਾਲੇ ਸੱਜਣ ਸਤਿਕਾਰਤ ਪੋਪ ਵਾਂਗ ਹੀ ਜਥੇਦਾਰ ਨਿਯੁਕਤ ਕਰੋ। ਪੰਜਾਬ ਦੀ ਸ਼ਾਂਤੀ ਲਈ ਸਿੱਖਾਂ 'ਤੇ ਕੀਤੇ ਦੇਸ਼-ਧ੍ਰੋਹੀ ਦੇ ਮੁਕੱਦਮੇ ਵਾਪਸ ਲੈ ਕੇ ਲੱਗੀ ਲੱਗ ਨੂੰ ਬੁਝਾਇਆ ਜਾ ਸਕਦਾ ਹੈ।

ਬਾਬਾ ਨਾਨਕ ਦੇ ਪ੍ਰਕਾਸ਼-ਪੁਰਬ 'ਤੇ ਕੀਤੀਆਂ ਨਵੀਆਂ ਪੰਥਕ ਪਹਿਲਾਂ, ਸਾਡਾ ਪੱਕਾ ਵਿਸ਼ਵਾਸ ਹੈ ਕਿ ਪੰਜਾਬ ਵਿਚ ਸਿੱਖਾਂ ਤੇ ਹੋਰ ਫਿਰਕਿਆਂ ਦਾ ਮਨ ਅਤੇ ਦਿਲ ਜਿੱਤ ਸਕਣਗੀਆਂ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਅਣਖ, ਗੌਰਵ ਤੇ ਚੜ੍ਹਦੀ ਕਲਾ ਦੇ ਪ੍ਰਤੀਕ ਗੁਰੂ ਗੋਬਿੰਦ ਸਿੰਘ

**ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)**



ਗੁਰੂ ਗੋਬਿੰਦ ਸਿੰਘ ਦੀ ਅਦੁੱਤੀ ਸ਼ਖਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। 19ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੰਗ ਦੇ ਮੈਦਾਨ ਵਿਚ ਇੱਕ ਜੇਤੂ ਯੋਧਾ, ਮਸਨਦ ਉੱਤੇ ਸ਼ਹਿਨਸ਼ਾਹ, ਗੁਰੂ ਰੂਪ ਵਿਚ ਗਿਆਨ ਦਾ ਦਾਤਾ ਅਤੇ ਖ਼ਾਲਸੇ ਦੀ ਸੰਗਤ ਵਿਚ ਫ਼ਕੀਰ ਸੀ। ਗੱਲ ਕੀ, ਗੁਰੂ ਸਾਹਿਬ ਵਿਚ ਇੱਕੋ ਸਮੇਂ ਅਧਿਆਤਮਿਕ ਨੇਤਾ, ਉੱਚ ਕੋਟੀ ਦੇ ਸੰਗਠਨਕਰਤਾ, ਜਮਾਂਦਰੂ ਸੈਨਾ ਨਾਇਕ, ਪ੍ਰਤਿਭਾਸ਼ਾਲੀ ਵਿਦਵਾਨ ਅਤੇ ਸੱਚੇ ਸੁਧਾਰਕ ਦੇ ਗੁਣ ਵਿਦਮਾਨ ਸਨ। ਸ਼ਾਇਦ ਹੀ ਕੋਈ ਅਜਿਹੀ ਇਨਸਾਨੀ ਖੂਬੀ ਹੋਵੇ ਜੋ ਉਨ੍ਹਾਂ ਦੀ ਸ਼ਖਸ਼ੀਅਤ ਦੇ ਵਿਸ਼ਾਲ ਘੇਰੇ ਵਿਚ ਨਾ ਆਉਂਦੀ ਹੋਵੇ। ਤਾਹੀਉਂ ਗੁਰੂ ਸਾਹਿਬ ਦੀ ਨਿਰਾਲੀ ਸ਼ਖਸ਼ੀਅਤ ਨੂੰ ਸਾਧੂ ਟੀ.ਐਲ. ਵਾਸਵਾਨੀ ਨੇ 'ਸਤਰੰਗੀ ਪੀਂਘ' ਨਾਲ ਤੁਲਨਾ ਦਿੱਤੀ ਹੈ।

ਗੁਰੂ ਗੋਬਿੰਦ ਸਿੰਘ ਦੀ ਵਿਲੱਖਣ ਤੇ ਬਹੁਪੱਖੀ ਸ਼ਖਸ਼ੀਅਤ ਨੂੰ ਕਲਮ ਦੀ ਬੰਦਿਸ਼ ਵਿਚ ਲਿਆਉਣਾ ਇੱਕ ਬੜਾ ਕਠਿਨ ਕੰਮ ਹੈ, ਕਿਉਂਕਿ ਹਰ ਲੇਖਕ/ਕਵੀ ਦੀ ਆਪਣੀ ਇੱਕ ਸੀਮਾ ਹੁੰਦੀ ਹੈ। ਅੱਲ੍ਹਾ ਯਾਰ ਖ਼ਾਂ ਜੋਗੀ ਵਰਗਾ ਉਸਤਾਦ ਸ਼ਾਇਰ ਵੀ ਗੁਰੂ ਸਾਹਿਬ ਦੀ ਬਹੁਪੱਖੀ ਸ਼ਖਸੀਅਤ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਘਾਟ ਮਹਿਸੂਸ ਕਰਦਾ ਹੈ ਅਤੇ ਆਪਣੀ ਸਮਰੱਥਾ 'ਤੇ ਸ਼ੱਕ ਕਰਦਾ ਹੋਇਆ ਲਿਖਦਾ ਹੈ :

**ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ।**
**ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।**
**ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।**
**ਸਤਿਗੁਰੂ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ।**

ਦਰਅਸਲ, ਗੁਰੂ ਸਾਹਿਬ ਬਾਰੇ ਲਿਖਣ ਵਾਲਾ ਲਗਭਗ ਹਰ ਲੇਖਕ/ਕਵੀ, ਗੁਰੂ ਜੀ ਦੀ ਸ਼ਖਸੀਅਤ ਦੇ ਉਨ੍ਹਾਂ ਪੱਖਾਂ ਨੂੰ ਹੀ ਉਘਾੜਦਾ ਹੈ, ਜਿਹੜੇ ਪੱਖ ਉਸ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ।

ਉਂਝ ਤਾਂ ਗੁਰੂ ਸਾਹਿਬ ਬਹੁਪੱਖੀ ਵਡਿਆਈ ਦੇ ਮਾਲਕ ਹਨ ਪਰ ਜੇਕਰ ਉਨ੍ਹਾਂ ਦੀ ਸ਼ਖਸੀਅਤ ਨੂੰ ਬਹੁਤ ਹੀ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਇੱਕੋ ਸਮੇਂ ਬਾਦਸ਼ਾਹ ਤੇ ਦਰਵੇਸ਼ ਅਤੇ ਸੰਤ ਤੇ ਸਿਪਾਹੀ ਹਨ। ਇਹ ਗੱਲ ਵੱਖਰੀ ਹੈ ਕਿ ਸਿੱਖ ਆਪਣੇ ਮਹਾਨ ਨਾਇਕ ਨੂੰ ਸੰਤ ਨਾਲੋਂ ਸਿਪਾਹੀ ਵਜੋਂ ਵੱਧ ਮਾਨਤਾ ਦਿੰਦੇ ਹਨ। ਤਾਹੀਉਂ ਸਿੱਖਾਂ ਤੇ ਗ਼ੈਰ-ਸਿੱਖਾਂ ਨੇ ਵੀ ਉਨ੍ਹਾਂ ਨੂੰ ਯੁੱਧ ਦੇ ਮੈਦਾਨ ਨੂੰ ਜਾਂਦੇ ਹੀ ਚਿਤਰਿਆ ਹੈ, ਘੋੜੇ 'ਤੇ ਸਵਾਰ ਅਤੇ ਹੱਥ ਵਿਚ ਤਲਵਾਰ ਹੈ। ਵੈਸੇ, ਗੁਰੂ ਗੋਬਿੰਦ ਸਿੰਘ ਦੇ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਜੰਗੀ ਪ੍ਰਾਪਤੀਆਂ ਦੇ ਗਜ਼ ਨਾਲ ਨਹੀਂ ਮਾਪਿਆ ਜਾ ਸਕਦਾ, ਕਿਉਂਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਸਰਬ-ਪੱਖੀ ਹਨ। "ਗੁਰੂ ਗੋਬਿੰਦ ਸਿੰਘ ਹਰ ਪੱਖ ਤੋਂ ਇੱਕ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਸਿਰਫ 42 ਸਾਲਾਂ ਦੇ ਆਪਣੇ ਜੀਵਨ-ਕਾਲ (1666-1708 ਈ.) ਦੌਰਾਨ ਵੱਡੀਆਂ ਮੱਲਾਂ ਮਾਰੀਆਂ। ਉਨ੍ਹਾਂ ਨੇ ਉੱਤਰੀ ਭਾਰਤ ਦੀ ਪੂਰੀ ਦੀ ਪੂਰੀ ਤਵਾਰੀਖ ਹੀ ਬਦਲ ਕੇ ਰੱਖ ਦਿੱਤੀ।" ਖੁਸ਼ਵੰਤ ਸਿੰਘ। ਗੱਲ ਕੀ, ਗੁਰੂ ਗੋਬਿੰਦ ਸਿੰਘ, ਸਮੇਂ ਦੀ ਹਿੱਕ 'ਤੇ ਕਦੇ ਨਾਂ ਮਟਣਵ ਾਲੀਆਂਪੈੜਾਂ ਾਗ ਏਹ ਨ, ਜਿਨ੍ਹਾਂ ਤੋਂ ਆਉਣ ਵਾਲੀਆਂ ਨਸਲਾਂ ਸੇਧ ਲੈਂਦੀਆਂ ਰਹਿਣਗੀਆਂ। ਇਹੋ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਮਹਾਨ ਅਤੇ ਆਕਰਸ਼ਕ ਵਿਅਕਤੀਆਂ ਵਿਚੋਂ ਪ੍ਰਮੁੱਖ ਮੰਨੇ ਜਾਂਦੇ ਹਨ। "ਨਿਰਸੰਦੇਹ, ਗੁਰੂ ਗੋਬਿੰਦ ਸਿੰਘ ਦੀ ਸਭ ਯੁੱਗਾਂ ਦੇ ਸਭ ਤੋਂ ਮਹਾਨ ਭਾਰਤੀਆਂ ਵਿਚ ਗਿਣਤੀ ਕੀਤੀ ਜਾਣੀ ਚਾਹੀਦੀ ਹੈ।" —ਡਾ. ਇੰਦੂ ਭੂਸ਼ਣ ਬੈਨਰਜੀ।

ਬੇਸ਼ੱਕ ਗੁਰੂ ਸਾਹਿਬ ਬਾਰੇ ਲਿਖਣ ਵਾਲਿਆਂ ਨੇ ਗੁਰੂ ਸਾਹਿਬ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ 'ਤੇ ਭਰਪੂਰ ਰੌਸ਼ਨੀ ਪਾਈ ਹੈ, ਫਿਰ ਵੀ ਗੁਰੂ ਸਾਹਿਬ ਦੀ ਸ਼ਖਸੀਅਤ ਦੇ ਕੁੱਝ ਪਹਿਲੂ, ਜਾਣੇ-ਅਣਜਾਣੇ, ਅਣਗੌਲੇ ਹੀ ਰਹਿ ਗਏ ਹਨ। ਲੇਖਕ ਨੇ ਆਪਣੇ ਅਧਿਐਨ ਦੌਰਾਨ ਇਹ ਗੱਲ ਨੋਟ ਕੀਤੀ ਹੈ ਕਿ ਗੁਰੂ ਸਾਹਿਬ ਇੱਕ ਮਹਾਨ ਫਿਲਾਸਫਰ, ਮਨੋਵਿਗਿਆਨੀ ਅਤੇ ਮਨੋ-ਵਿਸ਼ਲੇਸ਼ਕ ਵੀ ਸਨ (ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਦੇ ਇਹ ਪਹਿਲੂ, ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ, ਅਣਗੌਲੇ ਹੀ ਰਹਿ ਗਏ ਹਨ)।

ਗੁਰੂ ਗੋਬਿੰਦ ਸਿੰਘ ਦਾ ਜੀਵਨ ਯੁੱਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਤੁਸੀਂ ਵੇਖੋਗੇ ਕਿ ਹਰ ਮਹੱਤਵਪੂਰਨ ਘਟਨਾ ਦੇ ਪਿੱਛੇ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਜਾਂ ਕੋਈ ਡੂੰਘਾ ਫਲਸਫਾ ਕੰਮ ਕਰਦਾ ਨਜ਼ਰ ਆਉਂਦਾ ਹੈ (ਬਸ਼ਰਤੇ ਤੁਹਾਡੇ ਕੋਲ ਵੇਖਣ ਵਾਲੀ ਅੱਖ ਹੋਵੇ)। ਗੁਰੂ ਸਾਹਿਬ ਦੀ ਫਿਲਾਸਫੀ, ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੀ ਗੱਲ ਕਰਦੀ ਹੈ। ਮਿਸਾਲ ਵਜੋਂ, ਗੁਰੂ ਸਾਹਿਬ ਨੇ ਆਪਣੇ ਸੰਘਰਸ਼ਮਈ ਜੀਵਨ ਦੇ ਆਰੰਭਕ ਪੜਾਅ ਦੌਰਾਨ ਆਪਣੇ ਆਪ ਨੂੰ, ਵਾਹ ਲਗਦੀ, ਪਹਾੜੀ ਰਾਜਿਆਂ ਨਾਲ ਛੋਟੇ-ਮੋਟੇ ਝਗੜਿਆਂ ਵਿਚ ਉਲਝਣ ਤੋਂ ਬਚਾਈ ਰੱਖਿਆ, ਕਿਉਂਕਿ ਉਹ ਅਜਿਹੇ ਝਗੜਿਆਂ ਵਿਚ ਆਪਣੀ ਸੈਨਿਕ ਸ਼ਕਤੀ ਨੂੰ ਕਮਜ਼ੋਰ ਨਹੀਂ ਸਨ ਕਰਨਾ ਚਾਹੁੰਦੇ, ਬਲਕਿ ਕੁਝ ਵਰ੍ਹਿਆਂ ਤੱਕ ਵੱਡੇ ਪੈਮਾਨੇ 'ਤੇ ਮੁਗਲਾਂ ਵਿਰੁੱਧ ਸੈਨਿਕ ਤਿਆਰੀਆਂ ਕਰਨਾ ਚਾਹੁੰਦੇ ਸਨ। ਸੋ, ਵਕਤ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ, ਗੁਰੂ ਸਾਹਿਬ ਆਪਣੇ ਪਰਿਵਾਰ ਤੇ ਸੈਨਿਕਾਂ ਸਹਿਤ ਨਾਹਨ

ਰਿਆਸਤ ਦੇ ਇਲਾਕੇ ਵਿਚ ਚਲੇ ਗਏ ਅਤੇ ਪਾਉਂਟਾ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਇੱਥੋ ਰਹਿੰਦਿਆਂ ਹੀ, ਸੰਨ 1688 ਈ. ਵਿਚ, ਭੰਗਾਣੀ ਦੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਸ਼ਕਸਤ ਦਿੱਤੀ। ਇਸ ਤਰ੍ਹਾਂ ਜੋਸ਼ ਤੇ ਹੋਸ਼ ਦਾ ਸੰਤੁਲਨ ਕਾਇਮ ਰੱਖਦਿਆਂ, ਗੁਰੂ ਸਾਹਿਬ ਨੇ ਕੇਵਲ 22 ਵਰ੍ਹਿਆਂ ਦੀ ਉਮਰ ਵਿਚ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਭੰਗਾਣੀ ਦੀ ਜਿੱਤ ਤੋਂ ਬਾਅਦ ਗੁਰੂ ਸਾਹਿਬ ਨੇ ਮੁੜ ਆਨੰਦਪੁਰ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਬਣਾ ਲਿਆ ਅਤੇ ਮੌਕੇ ਤੋਂ ਲਾਭ ਉਠਾਉਂਦਿਆਂ, ਆਨੰਦਪੁਰ ਸਾਹਿਬ (ਜਿਸ ਦਾ ਨਾਂ ਉਦੋਂ ਮਾਖੋਵਾਲ ਸੀ) ਵਿਖੇ ਆਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਫਤਹਿਗੜ੍ਹ ਅਤੇ ਹੋਲਗੜ੍ਹ ਨਾਮੀ ਪੰਜ ਕਿਲਿਆਂ ਦੀ ਉਸਾਰੀ ਕਰਵਾਈ। ਗੁਰੂ ਸਾਹਿਬ ਏਨੀ ਤੀਖਣ ਬੁੱਧੀ ਦੇ ਮਾਲਕ ਸਨ ਕਿ ਉਨ੍ਹਾਂ ਨੇ ਹੱਥ ਆਏ ਕਿਸੇ ਵੀ ਅਵਸਰ ਨੂੰ ਕਦੇ ਅਜਾਈਂ ਨਹੀਂ ਗਵਾਇਆ।

ਗੁਰੂ ਸਾਹਿਬ ਨੇ ਜੀਵਨ ਭਰ ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੇ ਫਲਸਫ਼ੇ 'ਤੇ ਡੱਟ ਕੇ ਪਹਿਰਾ ਦਿੱਤਾ ਅਤੇ ਸ਼ਾਨਦਾਰ ਨਤੀਜੇ ਸਾਹਮਣੇ ਆਏ। ਨੋਟ ਕਰੋ—ਆਪਣੇ ਜੀਵਨ ਵਿਚ ਲੜੀ ਆਖਰੀ ਜੰਗ (ਮੁਕਤਸਰ ਦੀ ਜੰਗ) ਤੋਂ ਬਾਅਦ ਗੁਰੂ ਸਾਹਿਬ ਨੇ ਹੋਸ਼ ਨੂੰ ਜੋਸ਼ ਉੱਤੇ ਭਾਰੂ ਰੱਖਦਿਆਂ, ਸਿੱਖ ਸ਼ਕਤੀ ਨੂੰ ਨਸ਼ਟ ਹੋਣ ਤੋਂ ਬਚਾਅ ਲਿਆ ਅਤੇ ਇਸੇ ਦੌਰਾਨ ਸਿੱਖਾਂ ਨੂੰ ਮੁਗਲਾਂ ਨਾਲ ਟੱਕਰ ਲੈਣ ਲਈ ਮਾਨਸਿਕ ਤੇ ਜੱਥੇਬੰਦਕ ਤੌਰ 'ਤੇ ਤਿਆਰ ਕਰਦੇ ਰਹੇ। ਫਿਰ, ਸਿੱਖ ਪੰਥ ਦੀ ਰਹਿਨੁਮਾਈ ਕਰਨ ਲਈ ਬੜੇ ਨਾਟਕੀ ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ ਅਤੇ ਮੁਗਲਾਂ ਨਾਲ ਸਾਹਮਣਿਓਂ ਟੱਕਰ ਲੈਣ ਲਈ ਪੰਜਾਬ ਵੱਲ ਭੇਜਿਆ। ਕਮਾਲ ਦੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਉਸ ਸਮੇਂ ਮੈਦਾਨ ਵਿਚ ਉਤਾਰਿਆ ਜਦੋਂ 'ਲੋਹਾ ਗਰਮ' ਸੀ ਅਤੇ ਬੰਦਾ ਬਹਾਦਰ ਦੀ 'ਇੱਕੋ ਸੱਟ' ਨੇ ਮੁਗਲ ਹਕੂਮਤ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ। ਇਸ ਨੂੰ ਗੁਰੂ ਗੋਬਿੰਦ ਸਿੰਘ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦਾ ਸਿਖਰ ਕਿਹਾ ਜਾ ਸਕਦਾ ਹੈ। ਵੈਸੇ, ਜੇ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਸਾਹਿਬ ਦੀ ਹਰ ਜੰਗੀ ਸਰਗਰਮੀ, ਉਨ੍ਹਾਂ ਦੀ ਮਨੋਵਿਗਿਆਨਕ ਤੇ ਜੰਗੀ ਸੂਝ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ। ਆਨੰਦਪੁਰ ਸਾਹਿਬ ਵਰਗੇ ਢੁੱਕਵੇਂ ਸਥਾਨ ਨੂੰ ਆਪਣੀਆਂ ਮੁੱਖ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵੱਲ ਸੰਕੇਤ ਕਰਦਾ ਹੈ। ਫਿਰ, ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ, ਪਿੱਛਾ ਕਰ ਰਹੀ ਟਿੱਡੀ ਦਲ ਮੁਗਲ ਫੌਜ ਨੂੰ ਠੱਲ੍ਹਣ ਲਈ ਤੱਤ-ਭੜੱਤ ਵਿਚ ਉੱਚੀ ਥਾਂ 'ਤੇ ਸਥਿਤ ਇੱਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ) ਵਿਚ ਮੋਰਚੇ ਸੰਭਾਲ ਲੈਣਾ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸ਼ਪੱਸ਼ਟ ਨਿਕਲ ਜਾਣਾ, ਉਨ੍ਹਾਂ ਦੀ ਫੌਜੀ ਸੂਝ ਦੀ ਇੱਕ ਬਹੁਤ ਹੀ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਮਨਸੂਬਾਬੰਦੀ ਕਰਨ ਵਿਚ ਕਮਾਲ ਦੀ ਮੁਹਾਰਤ ਰੱਖਦੇ ਸਨ।

ਗੁਰੂ ਗੋਬਿੰਦ ਸਿੰਘ ਡੂੰਘੀ ਸੋਚ-ਵਿਚਾਰ ਤੋਂ ਬਾਅਦ ਹੀ ਕਿਸੇ ਕੰਮ ਨੂੰ ਹੱਥ ਪਾਉਂਦੇ ਸਨ ਅਤੇ ਉਨ੍ਹਾਂ ਦਾ ਨਜ਼ਰੀਆ ਇਕਦਮ ਵਿਗਿਆਨਕ ਸੀ। ਉਨ੍ਹਾਂ ਦੀ ਵਿਗਿਆਨਕ/ਮਨੋਵਿਗਿਆਨਕ ਸੂਝ ਨੂੰ ਦਰਸਾਉਂਦੀਆਂ ਕੁਝ ਇਕ ਮਿਸਾਲਾਂ ਤੁਹਾਡੀ ਨਜ਼ਰ ਕਰ ਰਿਹਾ ਹਾਂ।

ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਚੜ੍ਹਦੀ ਕਲਾ ਦੇ ਅਵਤਾਰ ਮੰਨੇ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਚੜ੍ਹਦੀ ਕਲਾ ਦਾ ਨਾਅਰਾ ਦਿੱਤਾ ਅਤੇ "ਨਿਸਚੈ ਕਰ ਆਪਨੀ ਜੀਤ ਕਰੋਂ" ਦਾ ਸਬਕ ਕੰਠ ਕਰਵਾਇਆ, ਕਿਉਂਕਿ "ਸਵੈ ਭਰੋਸੇ ਨਾਲ ਹੀ ਕੋਈ ਕੰਮ ਨੇਪਰੇ ਚੜ੍ਹਦਾ ਹੈ" (ਵਿਰਜਿਲ)। ਸੋ, ਲਿਤਾੜੀ ਅਤੇ ਸਾਹ-ਸੱਤ ਗੁਆ ਚੁੱਕੀ ਭਾਰਤੀ ਜਨਤਾ ਨੂੰ ਚੜ੍ਹਦੀ ਕਲਾ ਦਾ ਨਾਅਰਾ ਦੇਣਾ ਸਮੇਂ ਦੀ ਮੰਗ ਸੀ, ਕਿਉਂਕਿ ਢਹਿੰਦੀ ਕਲਾ 'ਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਦੂਜਾ, ਹਾਲਾਤ ਅਤੇ ਮੌਕੇ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਸਮਾਜ ਲਈ ਕੁਝ ਨਵੇਂ ਸਿਧਾਂਤ ਘੜੇ ਅਤੇ ਉਨ੍ਹਾਂ 'ਤੇ ਅਮਲ ਕਰਨਾ ਵੀ ਸਿਖਾਇਆ। ਇਨ੍ਹਾਂ ਸਿਧਾਂਤਾਂ, ਜੋ ਬਾਅਦ ਵਿਚ ਰਵਾਇਤਾਂ ਦਾ ਰੂਪ ਧਾਰਨ ਕਰ ਗਏ ਦੀ ਸੁੰਦਰ ਮਾਲਾ ਵਿਚ 'ਅਰਦਾਸਾਂ ਸੋਧਣ' ਦਾ ਕੀਮਤੀ ਮਣਕਾ ਵਿਸ਼ੇਸ਼ ਮਹੱਤਵ ਰੱਖਦਾ ਹੈ। (ਉਂਝ ਅਕਾਲ ਪੁਰਖ ਅੱਗੇ ਬੰਧਨਾ ਕਰਨਾ ਜਾਂ ਅਰਦਾਸ ਕਰਨ ਦੀ ਰੀਤ ਸਿੱਖ ਜਗਤ ਵਿਚ ਓਨੀ ਹੀ ਪੁਰਾਣੀ ਹੈ ਜਿੰਨਾ ਸਿੱਖ ਧਰਮ, ਪਰ 'ਅਰਦਾਸਾਂ ਸੋਧਣ' ਦੀ ਪਰੰਪਰਾ ਇਸ ਨਾਲੋਂ ਫਰਕ ਵਾਲੀ ਹੈ ਅਤੇ ਸਹੀ ਮਾਅਨਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਂਦ ਵਿਚ ਆਈ)।

'ਅਰਦਾਸਾਂ ਸੋਧਣ' ਦੀ ਸਿੱਖੀ ਰਵਾਇਤ, ਵਿਗਿਆਨਕ ਸੋਚ 'ਤੇ ਅਧਾਰਤ ਹੈ। ਤੁਸੀਂ ਪੁੱਛੋਗੇ, ਕਿਵੇਂ? ਇਸ ਤੱਥ ਨੂੰ ਅਸਰਦਾਰ ਢੰਗ ਨਾਲ ਸਮਝਣ ਲਈ ਗੱਲ ਨੂੰ ਥੋੜ੍ਹਾ ਘੁਮਾ ਕੇ ਲਿਆਉਣਾ ਪਵੇਗਾ। ਦੁਵਿਧਾ ਤੇ ਦੁਚਿੱਤੀ ਵਿਚ ਫਸਿਆ ਵਿਅਕਤੀ ਆਪਣੀ ਮੰਜਿਲ 'ਤੇ ਨਹੀਂ ਪਹੁੰਚ ਸਕਦਾ, ਜਦੋਂ ਕਿ ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਆਪਣੇ ਨਿਸ਼ਾਨੇ ਵੱਲ ਵਧਣ ਵਾਲਾ ਵਿਅਕਤੀ ਸਹਿਜੇ ਹੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ। ਇਸ ਸਬੰਧ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਇਹ ਸ਼ਬਦ ਕਿੰਨੇ ਭਾਵਪੂਰਤ ਹਨ—"ਕੋਈ ਮੁਸ਼ਕਿਲ ਏਡੀ ਮੁਸ਼ਕਿਲ ਨਹੀਂ ਹੁੰਦੀ, ਜੇਡੀ ਦੁਚਿੱਤੀ। ਘਬਰਾਹਟ ਵੀ ਸਾਰੀ ਦੁਚਿੱਤੀ ਵਿਚ ਹੁੰਦੀ ਹੈ।" ਦੁਚਿੱਤੀ ਵਿਚ ਪਏ ਵਿਅਕਤੀ ਦੀਆਂ ਸਮੱਸਿਆਵਾਂ, ਫੈਸਲੇ ਖੁਣੋਂ ਜਿਉਂ ਦੀਆਂ ਤਿਉਂ ਪਈਆਂ ਰਹਿੰਦੀਆਂ ਹਨ। ਸੋ, "ਵੱਡਾ ਦੁਖੀਆ ਉਹ ਹੈ, ਜੋ ਸਲਾਹੀ ਪੈ ਜਾਵੇ।" ਕਾਰਲਾਈਲ। ਭਗਵਾਨ ਕ੍ਰਿਸ਼ਨ ਦਾ ਇਹ ਪ੍ਰਵਚਨ-"ਸੰਸੇ ਵਿਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ।" ਪੱਥਰ 'ਤੇ ਲਕੀਰ ਖਿੱਚਦਾ ਹੋਇਆ ਸਾਡਾ ਮਾਰਗ ਦਰਸ਼ਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਨੂੰ ਇਸ ਗੱਲ ਦਾ ਗਿਆਨ ਸੀ ਕਿ "ਡਾਵਾਂਡੋਲ ਮਨ ਕੇਵਲ ਨੀਚ ਸੰਪਤੀ ਹੈ।" (ਯੁਰੀਪਪੀਡਟੀਜ਼)। ਸੋ, ਗੁਰੂ ਸਾਹਿਬ ਨੇ ਦੁਵਿਧਾ ਤੇ ਦੁਚਿੱਤੀ ਨੂੰ ਖਤਮ ਕਰਨ ਲਈ 'ਅਰਦਾਸਾਂ ਸੋਧਣ' ਦੀ ਚਮਤਕਾਰੀ ਸਿੱਖੀ ਰਵਾਇਤ ਪ੍ਰਚਲਤ ਕੀਤੀ।

ਆਓ! ਇਸ ਰਵਾਇਤ ਦੀ ਬੁੱਕਲ ਵਿਚ ਕੰਮ ਕਰ ਰਹੇ ਫਲਸਫਲੇ ਨੂੰ ਥੋੜ੍ਹਾ ਹੋਰ ਨੇੜਿਓਂ ਵੇਖਣ ਤੇ ਸਮਝਣ ਦੀ ਕੋਸ਼ਿਸ਼ ਕਰੀਏ। ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਅਸੰਭਵ ਨੂੰ ਸੰਭਵ ਬਣਾਉਣਾ ਚਾਹੁੰਦੇ ਸਨ, ਯਾਨੀ ਸਵਾ ਲੱਖ ਨਾਲ ਇੱਕ ਨੂੰ ਭੜਾਉਣਾ ਚਾਹੁੰਦੇ ਸਨ ਅਤੇ "ਚਿੜੀਓਂ ਸੇ ਮੈਂ ਬਾਜ ਤੁੜਾਉਂ॥ ਤਬੀ ਗੋਬਿੰਦ ਸਿੰਘ ਨਾਮ ਕਹਾਉਂ॥" ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਸਨ। ਇਸ ਸਭ ਕਾਸੇ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਅਰਦਾਸਾਂ ਸੋਧਣ ਦਾ ਸਿਧਾਂਤ, ਕਸਵੱਟੀ 'ਤੇ ਖਰਾ ਉਤਰਦਾ ਨਜ਼ਰ ਆਇਆ। ਸੋ, ਗੁਰੂ ਸਾਹਿਬ ਨੇ ਇਸ ਸਿਧਾਂਤ 'ਤੇ ਆਪਣੀ ਮੋਹਰ ਲਗਾ ਦਿੱਤੀ, ਯਾਨੀ ਇਸ ਨੂੰ ਸਿੱਖ ਰਹਿਤ ਮਰਯਾਦਾ ਦਾ ਇੱਕ ਅੰਗ ਬਣਾ ਦਿੱਤਾ ਅਤੇ 'ਅਰਦਾਸਾਂ ਸੋਧ ਕੇ' ਭੱਜਣ ਨੂੰ ਸਿੱਖੀ ਰਵਾਇਤਾਂ ਦੇ ਵਿਰੁੱਧ ਕਰਾਰ ਦਿੱਤਾ। (ਤੁਹਾਨੂੰ ਸ਼ਾਇਦ ਪਤਾ ਹੋਵੇਗਾ ਕਿ ਮਾਸਟਰ ਤਾਰਾ ਸਿੰਘ ਵਰਗੇ ਮੰਨੇ-ਪ੍ਰਮੰਨੇ ਸਿੱਖ ਨੇਤਾ ਨੂੰ ਵੀ ਇਸ ਰਹਿਤ ਮਰਯਾਦਾ ਦੀ ਉਲੰਘਣਾ ਕਰਨ ਬਦਲੇ ਸ੍ਰੀ ਅਕਾਲ ਤਖਤ ਵੱਲੋਂ ਤਨਖਾਈਆ ਕਰਾਰ ਦਿੱਤਾ ਗਿਆ ਸੀ।)

ਗੱਲ ਨੂੰ ਸਮੇਟਦਿਆਂ, ਦੁਵਿਧਾ ਤੇ ਦੁਚਿੱਤੀ ਸਵੈ-ਵਿਸ਼ਵਾਸ ਦੀ ਘਾਟ ਤੋਂ ਉਪਜਦੀ ਹੈ। 'ਅਰਦਾਸਾਂ ਸੋਧਣ' ਦੀ ਪਰੰਪਰਾ, ਸਵੈ-ਵਿਸ਼ਵਾਸ ਤੇ ਚੜ੍ਹਦੀ ਕਲਾ ਦੀ ਪ੍ਰਤੀਕ ਹੈ। ਗੱਲ ਕੀ, ਇਸ ਦੀ ਪਾਲਣਾ ਕਰਨ ਨਾਲ ਦੁਚਿੱਤੀ ਮੁੱਕ ਜਾਂਦੀ ਹੈ ਅਤੇ ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਮੰਜ਼ਿਲ ਵੱਲ ਵਧਣ ਨਾਲ



ਕਾਮਯਾਬੀ ਪੈਰ ਚੁੰਮਦੀ ਹੈ। ਇਸ ਤਰ੍ਹਾਂ ਇਹ ਚਮਤਕਾਰੀ ਰਵਾਇਤ, ਪਾਲਣਾ ਕਰਨ ਵਾਲੇ ਸਿੱਖ ਨੂੰ ਦੁਵਿਧਾ ਤੇ ਦੁਚਿੱਤੀ ਦੀ ਦਲਦਲ 'ਚੋਂ ਕੱਢ ਕੇ, ਦ੍ਰਿੜ੍ਹਤਾ ਤੇ ਸਿਦਕਦਿਲੀ ਨਾਲ ਨਿਸ਼ਾਨੇ ਵੱਲ ਵਧਣ ਲਈ ਪ੍ਰੇਰਿਤ ਕਰਦੀ ਹੈ। ਇਤਿਹਾਸ ਗਵਾਹ ਹੈ ਕਿ ਇਹ ਰੀਤ, ਸਿੱਖਾਂ ਲਈ ਸ਼ਕਤੀ ਦਾ ਇੱਕ ਸੋਮਾ ਹੋ ਨਿਬੜੀ। ਸਿੱਖਾਂ ਨੇ ਇਸ ਤੋਂ ਬਲ ਪ੍ਰਾਪਤ ਕਰਕੇ ਅਨੇਕਾਂ ਅਜੋੜ ਤੇ ਅਸਾਵੀਆਂ ਜੰਗਾਂ ਲੜੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਅਕਾਲੀ ਫੂਲਾ ਸਿੰਘ ਵੱਲੋਂ ਅਰਦਾਸਾਂ ਸੋਧ ਕੇ ਜੰਗ ਲਈ ਕੂਚ ਕਰਨ ਉਪਰੰਤ, ਮਹਾਰਾਜਾ ਰਣਜੀਤ ਸਿੰਘ ਵੱਲੋਂ ਨਿਮਰਤਾ ਸਹਿਤ ਬੇਨਤੀ ਕਰਨ 'ਤੇ ਵੀ ਪਿਛਾਂਹ ਨਾ ਹਟਣਾ ਅਤੇ ਪਠਾਣਾਂ ਵਿਰੁੱਧ ਇਕ ਅਜੋੜ ਜੰਗ ਵਿਚ ਜਿੱਤ ਪ੍ਰਾਪਤ ਕਰਨ ਦੀ ਬਹੁ-ਚਰਚਿਤ ਘਟਨਾ, ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਖ਼ੈਰ!

ਗੁਰੂ ਗੋਬਿੰਦ ਸਿੰਘ ਦੀ ਮਨੋਵਿਗਿਆਨਕ ਸੂਝ ਅਤੇ ਦੂਰਅੰਦੇਸ਼ੀ ਨੂੰ ਦਰਸਾਉਂਦੀਆਂ ਕਈ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਇੱਥੇ, ਥਾਂ ਦੀ ਥੁੜ੍ਹ ਕਾਰਨ, ਇਨ੍ਹਾਂ ਸਾਰੀਆਂ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੈ। ਸੋ, ਲੇਖਕ ਨੇ ਤੁਹਾਡੇ ਨਾਲ ਇਕ ਅਜਿਹੀ ਚੋਣਵੀਂ ਮਿਸਾਲ ਸਾਂਝੀ ਕਰਨ ਦਾ ਮਨ ਬਣਾਇਆ ਹੈ, ਜੋ 'ਹਾਥੀ ਦੀ ਪੈੜ ਵਿਚ ਸਾਰੀਆਂ ਪੈੜਾਂ ਆ ਜਾਣ' ਦੀ ਹੈਸੀਅਤ ਰੱਖਦੀ ਹੈ।

ਇਤਿਹਾਸ ਦੱਸਦਾ ਹੈ ਕਿ 1696-1699 ਈ. ਦੌਰਾਨ ਗੁਰੂ ਸਾਹਿਬ ਨੂੰ ਨਾ ਮੁਗਲਾਂ ਅਤੇ ਨਾ ਹੀ ਪਹਾੜੀ ਰਾਜਿਆਂ ਤੋਂ ਕੋਈ ਖਤਰਾ ਰਿਹਾ। ਸੋ, ਇਸ ਅਰਸੇ ਦੌਰਾਨ ਉਨ੍ਹਾਂ ਨੇ ਆਪਣੀ ਸੂਝਬੂਝ ਤੇ ਸ਼ਕਤੀ ਨੂੰ ਪੂਰਨ ਰੂਪ ਵਿਚ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਵੱਲ ਮੋੜਿਆ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਇਹ ਸੀ ਕਿ ਲੋਕਾਂ ਨੂੰ ਜ਼ੁਲਮ ਅਤੇ ਬਦੀ ਦੇ ਖਿਲਾਫ਼ ਮੁਕਾਬਲਾ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਸਮਾਂ ਆਉਣ 'ਤੇ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਜਾਵੇ। ਗੁਰੂ ਸਾਹਿਬ ਆਪਣੇ ਜੀਵਨ ਦੇ ਉਦੇਸ਼ ਬਾਰੇ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ—"ਦੁਸ਼ਟ ਦੋਖੀਅਨਿ ਪਕਰਿ ਪਛਾਰੋ॥ ਯਾਹੀ ਕਾਜ ਧਰਾ ਹਮ ਜਨਮੰ॥' ਸੋ, ਇਸ ਮਕਸਦ ਦੀ ਪੂਰਤੀ ਲਈ ਇਕ ਅਜਿਹੀ ਸਿਰਲੱਥ ਕੌਮ ਦਾ ਨਿਰਮਾਣ ਕਰਨ ਦੀ ਲੋੜ ਸੀ, ਜੋ ਮੁਗਲ ਹਕੂਮਤ ਨੂੰ ਸਾਹਮਣਿਓਂ ਲਲਕਾਰ ਸਕੇ। ਪਰ ਇਕ ਸ਼ਕਤੀਸ਼ਾਲੀ ਹਕੂਮਤ ਵਿਰੁੱਧ ਇਨਕਲਾਬ ਦਾ ਝੰਡਾ ਬੁਲੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਸੋ, ਅਜਿਹੇ ਅਸੰਭਵ ਕਾਰਜ ਨੂੰ ਸੰਭਵ ਬਣਾਉਣ ਲਈ ਕਿਸੇ ਚਮਤਕਾਰੀ ਤਰਕੀਬ ਦੀ ਲੋੜ ਸੀ। ਗੁਰੂ ਗੋਬਿੰਦ ਸਿੰਘ, ਤੁਹਾਨੂੰ ਪਤਾ ਹੀ ਹੈ, ਜਿੱਥੇ ਇੱਕ ਆਲਾ ਦਰਜੇ ਦੇ ਦੂਰ-ਅੰਦੇਸ਼ ਸਨ ਉੱਥੇ ਇਕ ਮਹਾਨ ਚਿੰਤਕ ਤੇ ਮਨੋਵਿਗਿਆਨੀ ਵੀ ਸਨ। ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਨੇ ਇਕ ਡੂੰਘੀ ਚੁੱਭੀ ਮਾਰੀ ਅਤੇ 'ਚਿੜੀਆਂ ਨੂੰ ਬਾਜਾਂ ਦੇ ਖੰਭ ਨੋਚਣ' ਦੇ ਸਮਰੱਥ ਬਣਾਉਣ ਵਾਲੀ ਇਕ ਚਮਤਕਾਰੀ ਵਿਧੀ ਢੂੰਡ ਲਿਆਂਦੀ। ਇਹ ਵਿਧੀ ਸੀ—'ਖੰਡੇ ਦੀ ਪਹੁਲ', ਯਾਨੀ ਅੰਮ੍ਰਿਤ ਛਕਾਉਣ ਦਾ ਸਿਧਾਂਤ। ਇਸ ਸਿਧਾਂਤ ਨੂੰ ਧੁਰਾ ਮਿੱਥ ਕੇ, ਸੰਨ 1699 ਈ. ਵਿਚ ਗੁਰੂ ਸਾਹਿਬ ਨੇ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਫਿਰ ਖ਼ਾਲਸੇ ਨੂੰ ਉਸ ਦੀ ਬਾਰੂਦੀ ਸ਼ਕਤੀ ਦਾ ਅਹਿਸਾਸ ਕਰਾਉਂਦਿਆਂ ਕਿਹਾ:

**"ਪਿਆਰੀਓ ਚਿੜੀਓ! ਹੁਣ ਤੁਸੀਂ ਉਹ ਨਹੀਂ**
**ਖ਼ਾਲਸਾ ਮੇਰੋ ਰੂਪ ਹੈ ਖ਼ਾਸ॥**
**ਖ਼ਾਲਸੇ ਮਹਿ ਹਉ ਕਰੋ ਨਿਵਾਸ॥**
**ਜਾਓ, ਬਾਜ਼ਾਂ ਦੇ ਖੰਭ ਤੋੜੋ।"** (**ਸੰਤੋਖ ਸਿੰਘ ਧੀਰ**)

ਇਤਿਹਾਸ ਗਵਾਹ ਹੈ ਕਿ 'ਚਿੜੀਆਂ' ਨੇ 'ਬਾਜ਼ਾਂ' ਦੇ ਖੰਭ ਤੋੜੇ। ਇਹ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਦਾ ਹੀ ਕ੍ਰਿਸ਼ਮਾ ਸੀ ਕਿ ਜਦੋਂ ਗੁਰੂ ਦਾ ਸਾਜਿਆ ਨਿਵਾਜਿਆ ਖ਼ਾਲਸਾ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰਿਆ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਫਿਰ ਇਕ ਸਮਾਂ ਆਇਆ ਜਦੋਂ ਖ਼ਾਲਸੇ ਨੇ ਸਦੀਆਂ ਦੀ ਗੁਲਾਮੀ ਤੋਂ ਬਾਅਦ ਮੁਗਲਾਂ 'ਤੇ ਫਤਹਿ ਹਾਸਲ ਕਰਕੇ ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। ਦੂਜਾ, ਖ਼ਾਲਸੇ ਦੀ ਸਥਾਪਨਾ ਨਾਲ ਸਿੱਖ ਸਮਾਜ ਵਿਚ ਲੋਕਤੰਤਰੀ ਤੱਤਾਂ ਦਾ ਸੰਚਾਲਨ ਹੋਇਆ, ਕਿਉਂਕਿ ਖ਼ਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖਾਂ ਦੇ ਸਾਰੇ ਫ਼ੈਸਲੇ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ।

ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਯੁੱਗ-ਪਲਟਾਊ ਘਟਨਾਵਾਂ ਦੇ ਪਿੱਛੇ, ਹੋਰ ਗੱਲਾਂ ਤੋਂ ਇਲਾਵਾ, ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਜਾਂ ਕੋਈ ਡੂੰਘਾ ਫਲਸਫਾ ਕੰਮ ਕਰ ਰਿਹਾ ਹੁੰਦਾ ਹੈ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਪੰਜ ਪਿਆਰਿਆਂ ਦੀ ਸਿਰਜਣਾ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕਰਨ ਵੇਲੇ ਤੱਕ ਗੁਰੂ ਸਾਹਿਬ ਦੀ ਵਿਗਿਆਨਕ ਤੇ ਮਨੋਵਿਗਿਆਨਕ ਸੂਝ ਹਰ ਥਾਂ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨਿਰਸੰਦੇਹ, ਦੁਨੀਆਂ ਦੇ ਮਹਾਨ ਮਨੋਵਿਗਿਆਨੀਆਂ ਤੇ ਚਿੰਤਕਾਂ ਵਿਚੋਂ ਸਰਬ ਸ੍ਰੇਸ਼ਠ ਸਨ।

ਕਿਸ਼ਤ-23

# ਗੁਰ ਸਾਗਰ ਦੇ ਸੁੱਚੇ ਮੋਤੀ




**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ


ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।

**ਸੰਪਾਦਕ**

## ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ

ਇੱਕ ਬਹੁਤ ਹੀ ਪ੍ਰਤਿਭਾਸ਼ਾਲੀ, ਪ੍ਰਗਤੀਸ਼ੀਲ, ਸ਼ਾਂਤਮਈ, ਸੁਭਾਅ ਇਨਸਾਨੀਅਤ ਪ੍ਰਤੀ ਪ੍ਰੇਮ ਭਰਪੂਰ ਆਤਮਾ ਦੇ ਮਾਲਕ ਅਤੇ ਸੰਤ ਪ੍ਰੇਮ ਸਿੰਘ ਜੀ ਵੱਲੋਂ ਪ੍ਰੇਮ ਨਾਲ ਸਵਾਰੀ ਸ਼ਖਸ਼ੀਅਤ ਦਾ ਨਾਮ ਸੀ 'ਚੇਤ ਸਿੰਘ ਜੀ'। ਜੋ ਆਪਣੀ ਮਿਹਨਤ ਅਤੇ ਗੁਰੂ ਸਾਹਿਬ ਦੇ ਮੁੱਖ ਵਾਕ 'ਤਿਨ੍ਹਾ ਸਵਾਰੇ ਨਾਨਕਾ ਜਿਨ੍ਹਕਉ ਨਦਰਿ ਕਰੇ' ਅਨੁਸਾਰ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦੋਵੇਂ ਉੱਚ ਪੱਦਵੀਆਂ ਭਾਵ ਮੁੱਖ ਗ੍ਰੰਥੀ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਵਜੋਂ ਲੰਬੇ ਸਮੇਂ ਸੇਵਾ ਕਰਨ ਦੇ ਪਾਤਰ ਰਹੇ।

ਸਿੰਘ ਸਾਹਿਬ ਜੀ ਦਾ ਜਨਮ ਮਾਤਾ ਜੀਵਨ ਕੌਰ ਜੀ ਦੀ ਕੁੱਖੋਂ ਅਤੇ ਪਿਤਾ ਸ੍ਰੀ ਗਨੇਸ਼ਾ ਸਿੰਘ ਜੀ ਦੇ ਘਰ 15 ਮਾਰਚ 1902 ਪਿੰਡ ਭੱਖੜੇ ਵਾਲੀ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਖੇ ਹੋਇਆ। ਉਨ੍ਹਾਂ ਨੇ ਪਿੰਡ ਦੇ ਗਰੰਥੀ ਭਾਈ ਦੇਵਾ ਸਿੰਘ ਜੀ ਪਾਸੋਂ 5 ਸਾਲ ਦੀ ਉਮਰ ਵਿੱਚ ਪੰਜਾਬੀ ਦੀ ਲਿਖਾਈ ਪੜ੍ਹਾਈ ਪ੍ਰਾਪਤ ਕਰਨੀ ਸ਼ੁਰੂ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾਪਾਠ ਕਰਨਾ ਸਿੱਖਿਆ। ਇਸੇ ਸਮੇਂ ਦੌਰਾਨ ਭਾਵ 1907-1912 ਈ: ਤੱਕ ਪ੍ਰਾਇਮਰੀ ਸਕੂਲ ਦੀ ਵਿਦਿਆ ਪਿੰਡ ਪੇਰੋਸ਼ਾਹ ਜ਼ਿਲ੍ਹਾ ਗੁਜਰਾਤ ਵਿਖੇ ਪ੍ਰਾਪਤ ਕੀਤੀ। ਆਪ ਜੀ 1914 ਵਿੱਚ ਸੰਤ ਪਰੇਮ ਸਿੰਘ ਜੀ ਮੁਰਾਲੇ ਵਾਲੇ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਦੇ ਪਾਸ ਰਹਿਣ ਲੱਗ ਪਏ ਅਤੇ ਉਹਨਾਂ ਦੀ ਸਰਪ੍ਰਸਤੀ ਹੇਠ ਗਿਆਰਾਂ ਸਾਲ (ਭਾਵ 1924 ਤੱਕ) ਗੁਜ਼ਾਰੇ। ਉਹਨਾਂ ਰਾਹੀਂ ਆਪ ਜੀ ਨੇ ਭਾਸ਼ਾ, ਵਿਦਾਂਤ ਦੇ ਗ੍ਰੰਥ, ਮੋਖਸ਼ ਪੰਥਤੇ ਵਿਚਾਰ ਸਾਗਰ ਆਦਿ ਦੀ ਵਿੱਦਿਆ ਪੰਡਿਤ ਨਰਾਇਣ ਜੀ ਪਾਸੋਂ ਕੋਟਲੀ ਕਾਜ਼ੀ ਜ਼ਿਲ੍ਹਾ ਗੁਜਰਾਤ ਵਿਖੇ ਹਾਸਿਲ ਕੀਤੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲੀ ਵਾਰ 1919 ਤੋਂ 1920 ਈ: ਗਿਆਨੀ ਅਮੀਰ ਸਿੰਘ ਜੀ ਸੱਤੋ ਵਾਲੀ ਗਲੀ ਅੰਮ੍ਰਿਤਸਰ ਵਾਲਿਆਂ ਪਾਸੋਂ ਅਤੇ 1920-1921 ਈ: ਤੱਕ ਦੂਜੀ ਵਾਰ/ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਪਾਸੋਂ ਸੰਥਾਂ ਨਾਲ ਅਰਥਾਂ ਸਹਿਤ ਸਰਵਨ ਕੀਤਾ। ਇਹ ਅਧਿਆਤਮਕ ਵਿਦਿਆ ਪ੍ਰਾਪਤ ਕਰਨ ਉਪਰੰਤ ਸੰਤ ਪ੍ਰੇਮ ਸਿੰਘ ਜੀ ਦੇ ਆਦੇਸ਼ ਨੂੰ ਮੰਨਦਿਆਂ ਹੋਇਆਂ ਮੁਰਾਲੇ ਆ ਗਏ ਅਤੇ 1922-24 ਈ: ਤੱਕ ਸੰਤ ਪ੍ਰੇਮ ਸਿੰਘ ਜੀ ਦੀ ਸ਼ਰਨ ਵਿੱਚ ਮੁਰਾਲੇ ਦੇ ਗੁਰਦੁਆਰੇ ਵਿੱਚ ਆਦਿ ਤੋਂ ਅੰਤ ਤੱਕ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਤੇ ਸ਼ਾਮ ਨੂੰ ਸੂਰਜ ਪ੍ਰਕਾਸ਼ ਜੀ ਦੀ ਕਥਾ ਕੀਤੀ।

ਸ੍ਰੀ ਨਨਕਾਣਾ ਸਾਹਿਬ ਜੀ ਦੇ ਸਾਕੇ, ਗੁਰੂ ਕੇ ਬਾਗ ਦੇ ਮੋਰਚੇ, ਜੈਤੋਂ ਤੇ ਫਿਰ ਭਾਈ ਫੇਰੂ ਜੀ ਦੇ ਮੋਰਚੇ ਨੇ ਸਿੱਖਾਂ ਵਿੱਚ ਭਾਰੀ ਜੋਸ਼ ਪੈਦਾ ਕਰ ਦਿੱਤਾ। ਆਪ ਜੀ ਵੀ ਸੰਤ ਪ੍ਰੇਮ ਸਿੰਘ ਦੇ ਕਹੇ ਅਨੁਸਾਰ 25 ਸਿੰਘਾਂ ਦਾ ਜੱਥਾ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ ਅਤੇ ਗੁਰਦੁਆਰੇ ਭਾਈ ਫੇਰੂ ਜੀ ਤਹਿਸੀਲ ਚੂਨੀਆਂ ਜ਼ਿਲ੍ਹਾ ਲਾਹੌਰ ਵਿਖੇ 6 ਅਪ੍ਰੈਲ 1924 ਈ: ਨੂੰ ਗ੍ਰਿਫਤਾਰੀ ਦਿੱਤੀ।

ਆਪ ਜੀ ਨੂੰ ਸੱਤ ਮਹੀਨੇ ਦੀ ਕੈਦ ਬਾਅ ਮੁਸ਼ੱਕਤ ਅਤੇ ਦੋ ਸੌ ਰੁਪਏ ਜੁਰਮਾਨਾ ਕੀਤਾ ਗਿਆ।

ਅਕਤੂਬਰ 1924 ਵਿੱਚ ਕੈਦ ਪੂਰੀ ਹੋਣ ਤੇ ਰਿਹਾ ਹੋਏ। ਉਹਨੀਂ ਦਿਨੀਂ ਸੰਤ ਪ੍ਰੇਮ ਸਿੰਘ ਜੀ ਨੇ 1920 ਵਿੱਚ "ਗੁਰੂ ਗੋਬਿੰਦ ਖਾਲਸਾ ਹਾਈ ਸਕੂਲ ਟਾਂਡਾ" ਜ਼ਿਲ੍ਹਾ ਗੁਜਰਾਤ ਵਿੱਚ ਚਲਾ ਦਿੱਤਾ ਸੀ ਅਤੇ ਆਪ ਜੀ ਨੂੰ ਇਸ ਸਕੂਲ ਵਿੱਚ ਤੀਜੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਪੰਜਾਬੀ ਅਤੇ ਧਾਰਮਿਕ ਵਿੱਦਿਆ ਪੜ੍ਹਾਉਣ ਲਈ (1924 ਤੋਂ ਲੈ ਕੇ 1926) ਦੋ ਸਾਲ ਸੇਵਾ ਨਿਭਾਉਣ ਦਾ ਅਵਸਰ ਮਿਲਿਆ।

ਸੰਤ ਪ੍ਰੇਮ ਸਿੰਘ ਜੀ ਨੇ ਆਪ ਜੀ ਦੀ ਸ਼ਾਦੀ ਭਾਈ ਸਾਹਿਬ ਸ: ਦੂਲਾ ਸਿੰਘ ਜੀ ਦੀ ਸਪੁੱਤਰੀ ਬੀਬੀ ਬਲਵੰਤ ਕੌਰ ਪਿੰਡ ਗੋਹਤ ਪੋਕਰ ਜ਼ਿਲ੍ਹਾ

ਗੁਰਦਾਸਪੁਰ ਨਾਲ ਸਤੰਬਰ 1929 ਵਿੱਚ ਕਰਵਾਈ। ਆਪ ਜੀ ਨੂੰ ਪ੍ਰਮਾਤਮਾ ਨੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਦੀ ਦਾਤ ਬਖਸ਼ੀ।

ਆਪ ਜੀ ਦੇ ਧਾਰਮਿਕ ਗਿਆਨ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਜਰਾਂਵਾਲੇ ਵਿਖੇ ਹੈਡ ਗ੍ਰੰਥੀ ਵਜੋਂ ਨਿਯੁਕਤੀ 1936 ਵਿੱਚ ਹੋਈ ਜਿੱਥੇ ਆਪ ਜੀ ਨੇ ਅੱਠ ਸਾਲ ਸੇਵਾ ਕੀਤੀ।

**ਸ੍ਰੀ ਦਰਬਾਰ ਸਾਹਿਬ ਦੀ ਸੇਵਾ** - 1 ਜੂਨ, 1944 ਨੂੰ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਨੀਯਤ ਕੀਤਾ ਗਿਆ। ਇਸੇ ਸਾਲ ਹੀ ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ ਤੇ ਉਨ੍ਹਾਂ ਦਾ ਪਰਿਵਾਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ। ਆਪ ਜੀ ਉਸ ਸਮੇਂ ਤਾਬਿਆਂ ਵਿੱਚ ਬੈਠੇ ਹੋਏ ਸਨ। ਮਹਾਰਾਜ ਯਾਦਵਿੰਦਰ ਸਿੰਘ ਨੇ ਚੌਰ ਕਰਨਾ ਚਾਹਿਆ। ਆਪ ਜੀ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਚੌਰ ਇੱਥੇ ਦੇ ਗ੍ਰੰਥੀ ਸਿੰਘ ਹੀ ਕਰ ਸਕਦੇ ਹਨ। ਇਹ ਗੱਲ ਸੁਣ ਕੇ ਮਹਾਰਾਜਾ ਹੱਥ ਜੋੜ ਕੇ ਖੱਬੇ ਪਾਸੇ ਬੈਠ ਗਏ।

**ਪੰਜਾਂ ਪਿਆਰਿਆਂ ਦਾ ਇਤਿਹਾਸਕ ਫੈਸਲਾ** – ਜਦੋਂ ਮਾਸਟਰ ਤਾਰਾ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਿਨਾਂ ਸੰਤ ਫਤਿਹ ਸਿੰਘ ਜੀ ਦਾ ਮਰਨ ਵਰਤ 1 ਜਨਵਰੀ, 1961 ਨੂੰ ਛੁਡਾ ਦਿੱਤਾ ਅਤੇ 15 ਅਗਸਤ, 1961 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰਤਿੱਗਿਆ ਕਰਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਿਨਾਂ 1 ਅਕਤੂਬਰ, 1961 ਨੂੰ ਆਪਣਾ ਮਰਨ ਵਰਤ ਛੱਡ ਦਿੱਤਾ ਤਾਂ ਸਿੱਖ ਸੰਗਤਾਂ ਵਿੱਚ ਬਹੁਤ ਰੋਸ ਸੀ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਨੇ ਇਸ ਮਸਲੇ ਦੀ ਪੁਣਛਾਣ ਕਰਕੇ ਫੈਸਲਾ ਕਰਨ ਲਈ, ਇਹ ਮਾਮਲਾ ਲਿਖਕੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਪੁਰਦ ਕੀਤਾ। ਪੰਜਾਂ ਪਿਆਰਿਆਂ ਵਿੱਚ ਆਪ ਜੀ ਵੀ ਸ਼ਾਮਲ ਸਨ। ਬਹੁਤ ਸੋਚ ਵਿਚਾਰ ਕਰਨ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ, ਸੰਤ ਫਤਿਹ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ ਦੇ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿੱਚ 27 ਸਤੰਬਰ, 1961 ਨੂੰ ਫੈਸਲਾ ਕਰਕੇ ਉਨ੍ਹਾਂ ਨੂੰ ਯੋਗ ਡੰਡ ਲਾਇਆ ਗਿਆ।

**ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਪਦਵੀ** - ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ ਅਤੇ ਸੇਵਾਦਰ ਅੱਛਰ ਸਿੰਘ ਜੀ ਨੇ ਆਪਣੀਆਂ ਪਦਵੀਆਂ ਤੋਂ ਅਸਤੀਫੇ ਦੇ ਦਿੱਤੇ। ਸੀਨੀਅਰ ਹੋਣ ਦੇ ਨਾਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਦਾ ਚਾਰਜ 5 ਨਵੰਬਰ, 1962 ਨੂੰ ਆਪ ਜੀ ਨੂੰ ਮਿਲਿਆ। ਆਪ ਜੀ ਨੇ ਦੋਵਾਂ ਹੀ ਅਸਥਾਨਾਂ ਦੀਆਂ ਸੇਵਾਵਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇਕੱਠੀਆਂ ਹੀ ਨਿਭਾਈਆਂ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਸੰਬੰਧੀ ਵਾਦ-ਵਿਵਾਦ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਸੰਬੰਧੀ ਕਾਫੀ ਵਾਦ–ਵਿਵਾਦ ਚਲਦਾ ਰਿਹਾ। ਇਸ ਝਗੜੇ ਨੂੰ ਨਬੇੜਨ ਲਈ ਗੁਰਦੁਆਰਾ ਰਾੜਾ ਸਾਹਿਬ ਵਿਖੇ 5 ਮਈ, 1964 ਈ: ਨੂੰ ਵਿਦਵਾਨਾਂ ਤੇ ਬੁੱਧੀਜੀਵੀਆਂ ਦੀ ਇੱਕ ਇਕੱਤਰਤਾ ਹੋਈ ਅਤੇ ਬਹੁਤ ਦੀਰਘ ਸੋਚ ਵਿਚਾਰ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਕਰਤਾਰਪੁਰ ਸਾਹਿਬ ਵਾਲੀ ਬੀੜ ਦੇ ਅਨੁਸਾਰ ਇਨ–ਬਿਨ ਛਾਪਣ ਦਾ ਫੈਸਲਾ ਹੋਇਆ। ਉਸ ਮੀਟਿੰਗ ਵਿੱਚ ਆਪ ਜੀ ਦਾ ਬਹੁਤ ਯੋਗਦਾਨ ਸੀ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਪ੍ਰਕਾਸ਼ ਗੁਰਪੁਰਬ** - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਗੁਰਪੁਰਬ ’ਤੇ ਤਖਤ ਪਟਨਾ ਸਾਹਿਬ ਦੀ ਕਮੇਟੀ ਦੀ ਮੰਗ ਅਨੁਸਾਰ ਆਪ ਜੀ ਸ੍ਰੀ ਕੇਸਗੜ੍ਹ ਸਾਹਿਬ ਤੋਂ ਇਤਿਹਾਸਕ ਖੰਡਾ, ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ, ਸ੍ਰੀ ਕੇਸਗੜ੍ਹ ਸਾਹਿਬ ਤੋਂ ਹਵਾਈ ਜਹਾਜ਼ ਰਾਹੀਂ ਲੈ ਕੇ ਪਟਨਾ ਸਾਹਿਬ ਪੁੱਜੇ। ਹਵਾਈਅੱਡੇ ’ਤੇ ਹੀ ਬਹੁਤ ਸਿੰਘ ਸੰਗਤ ਪੁੱਜੀ ਹੋਈ ਸੀ। ਸੰਗਤਾਂ ਨੇ ਖੰਡੇ ਦਾ ਬਹੁਤ ਸਤਿਕਾਰ ਕੀਤਾ ਅਤੇ ਹਵਾਈ ਜਹਾਜ਼ ਤੋਂ ਉਤਰਦਿਆਂ, ਇੱਕ ਦੂਜੇ ਜਹਾਜ਼ ਰਾਹੀਂ ਫੁੱਲਾਂ ਦੀ ਵਰਖਾ ਕੀਤੀ। 15 ਜਨਵਰੀ, 1967 ਨੂੰ ਗੁਰਪੁਰਬ ਵਾਲੇ ਦਿਨ ਭਾਰੀ ਸੰਗਤ ਵਿੱਚ ਨਿਸ਼ਾਨ ਸਾਹਿਬ ਝੁਲਾਉਣ ਦਾ ਸੁਭਾਗ ਸਮਾਂ ਆਪ ਜੀ ਨੂੰ ਪ੍ਰਾਪਤ ਹੋਇਆ।

**ਰਿਟਾਇਰ ਹੋਣਾ** - ਆਪ ਜੀ 31 ਮਈ, 1974 ਈ: ਨੂੰ ਸ੍ਰੀ ਦਰਬਾਰ ਸਾਹਿਬ ਦੀ ਉੱਚ ਪੱਦਵੀਂ, ਹੈੱਡ ਗ੍ਰੰਥੀ ਦੀ ਸੇਵਾ ਤੋਂ 30 ਸਾਲ ਦੇ ਲੰਮੇ ਸਮੇਂ ਦੌਰਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਆਪਣੀ ਬਖਸ਼ਿਸ਼ ਸਦਕਾ ਆਪਣੇ ਸੇਵਕ ਪਾਸੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪ੍ਰਬੰਧ, ਮਰਿਯਾਦਾ ਅਤੇ ਰਿਵਾਇਤ ਕਾਇਮ ਰੱਖਣ ਦੀ ਸੇਵਾ ਲਈ। ਕਈ ਧਾਰਮਿਕ ਅਤੇ ਪੰਥਕ ਮਾਮਲਿਆਂ ਨੂੰ ਨਜਿੱਠਣ ਦਾ ਸਤਿਗੁਰਾਂ ਬਲ ਬਖਸ਼ਿਆ।

**ਅੰਮ੍ਰਿਤ ਪ੍ਰਚਾਰ ਵਿਭਾਗ ਦੇ ਜਥੇਦਾਰ** - ਸੇਵਾ ਮੁਕਤ ਹੋਣ ਪਿਛੋਂ 9 ਜਨਵਰੀ, 1975 ਈ: ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਆਪ ਜੀ ਨੂੰ ਅੰਮ੍ਰਿਤ ਪ੍ਰਚਾਰ ਵਿਭਾਗ ਦੇ ਜਥੇਦਾਰ ਨਿਯੁਕਤ ਕੀਤਾ ਗਿਆ।

ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਤਿੰਨ ਵਿਸ਼ੇਸ਼ ਅੰਮ੍ਰਿਤ ਸੰਚਾਰ ਸਮਾਗਮ ਆਪ ਜੀ ਦੀ ਜਥੇਦਾਰੀ ਹੇਠ ਹੋਏ। ਇੱਕ 12 ਮਾਰਚ, 1975 ਈ: ਨੂੰ ਜਿਸ ਵਿੱਚ 1500 ਪ੍ਰਾਣੀਆਂ, ਅਤੇ ਦੂਜੀ ਵਾਰ 19 ਜਨਵਰੀ, 1976 ਈ: ਨੂੰ 3000 ਪ੍ਰਾਣੀਆਂ ਅਤੇ ਤੀਜੀ ਵਾਰ 2 ਅਪ੍ਰੈਲ, 1978 ਈ: ਨੂੰ 3000 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗਦਲੀ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਭਾਰੀ ਜਲੂਸ ਕੱਢ ਕੇ 13 ਸਤੰਬਰ, 1977 ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਪੁੱਜੇ ਅਤੇ 2000 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਦੂਸਰਾ ਮਲੂ ਨੰਗਲ ਪਿੰਡ ਦੇ 2400 ਪ੍ਰਾਣੀਆਂ ਨੇ 4 ਅਪ੍ਰੈਲ, 1978 ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਆ ਕੇ ਅੰਮ੍ਰਿਤ ਛਕਿਆ। ਤੀਸਰਾ 26 ਅਕਤੂਬਰ, 1977 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ 400 ਸਾਲਾਂ ਸਥਾਪਨਾ ਦਿਵਸ ਦੇ ਮੌਕੇ ਤੇ ਗੋਇੰਦਵਾਲ ਸਾਹਿਬ ਤੋਂ ਭਾਰੀ ਜਲੂਸ ਕੱਢ ਕੇ ਸ੍ਰੀ ਅਕਾਲ ਤਖਤ ਸਾਹਿਬ ਪਹੁੰਚ ਕੇ 3200 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਆਦਿ ਪ੍ਰਮੁੱਖ ਅੰਮ੍ਰਿਤ ਸੰਚਾਰ ਸਮਾਗਮ ਆਪ ਜੀ ਦੀ ਜਥੇਦਾਰੀ ਸਮੇਂ ਹੋਏ। ਹੋਰ ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਅੰਮ੍ਰਿਤ ਛਕਾਇਆ।

**ਕਾਬਲ ਵਿਖੇ ਅੰਮ੍ਰਿਤ ਪ੍ਰਚਾਰ** – 6 ਅਪ੍ਰੈਲ, 1978 ਈ: ਨੂੰ ਖਾਲਸਾ ਦਰਬਾਰ ਦੇ ਪ੍ਰਧਾਨ ਦੇ ਸੱਦੇ ਪੱਤਰ ’ਤੇ ਕਾਬਲ, ਜਲਾਲਾਬਾਦ, ਚਮਸ਼ਾ ਸਾਹਿਬ, ਗਜਨੀ ਆਦਿ ਕਸਬਿਆਂ ਵਿੱਚ ਪੁੱਜ ਕੇ ਇਨ੍ਹਾਂ ਅੰਮ੍ਰਿਤ ਪ੍ਰਚਾਰ ਕੀਤਾ। ਕਾਬਲ ਦੇ ਸਿੱਖਾਂ ਨੂੰ ਝਟਕਾ ਤੇ ਹਲਾਲ ਦਾ ਭੇਦ ਦਰਸਾ ਕੇ ਉਨ੍ਹਾਂ ਨੂੰ

ਸਹੀ ਰਸਤਾ ਦਰਸਾਇਆ। 8 ਸਤੰਬਰ, 1979 ਨੂੰ ਤਕਰੀਬਨ 4 ਸਾਲ ਦੀ ਸੇਵਾ ਕਰਨ 'ਤੇ ਗਿਆਨੀ ਜੀ ਜਥੇਦਾਰ ਅੰਮ੍ਰਿਤ ਪ੍ਰਚਾਰ ਵਿਭਾਗ ਤੋਂ ਰਿਟਾਇਰ ਹੋਏ।

**ਵਿਦੇਸ਼ ਯਾਤਰਾ** - 11 ਜੂਨ, 1981 ਈ: ਤੋਂ ਅਰੰਭ ਕਰਕੇ ਆਪ ਜੀ ਨੇ ਅਮਰੀਕਾ, ਕਨੇਡਾ, ਇੰਗਲੈਂਡ ਆਦਿ ਦੇਸ਼ਾਂ ਦੀ ਯਾਤਰਾ ਕੀਤੀ। ਲਗਭਗ ਸਾਢੇ ਪੰਜ ਮਹੀਨੇ ਵਿਭਿੰਨ ਦੇਸ਼ਾਂ ਵਿੱਚ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕੀਤਾ। ਬੈਂਕਾਕ ਦੀ ਸੰਗਤ ਦੀ ਮੰਗ ਅਨੁਸਾਰ ਆਪ ਜੀ 8 ਜੂਨ, 1982 ਨੂੰ ਬੈਂਕਾਕ ਪੁੱਜੇ। 8 ਜੂਨ ਤੋਂ ਲੈ ਕੇ ਬੈਂਕਾਕ, ਕੋਆਲਾਲੰਪਰ, ਮੁਆਰ, ਬਤੂਪਾਤ, ਮਲਾਕਾ, ਕੁਲਵਾਂਗ, ਜੋਰਬਾਰੂ ਸਿੰਘਾਪੁਰ ਆਦਿ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਿੱਖੀ ਪ੍ਰਚਾਰਤੇ ਅੰਮ੍ਰਿਤ ਸੰਚਾਰ ਸਮਾਗਮ, 15 ਜੁਲਾਈ, 1982 ਤੱਕ ਕੀਤੇ।

**ਸਾਕਾ ਨੀਲਾ ਤਾਰਾ** - ਜੂਨ, 1984 ਈ: ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਣ ਤੋਂ ਪਿੱਛੋ ਇੱਕ ਟੀ.ਵੀ. ਟੀਮ ਆਪ ਜੀ ਪਾਸ ਬਿਆਨ ਲੈਣ ਲਈ ਆਈ। ਪਵਿੱਤਰ ਅਸਥਾਨਾਂ ਦੀ ਹੋਈ ਬੇਅਦਬੀ ਤੇ ਨੁਕਸਾਨ ਨੂੰ ਦੇਖਦੇ ਹੋਏ ਰੋਸ ਵਜੋਂ, ਇਸ ਸਰਕਾਰੀ ਟੀ.ਵੀ. ਟੀਮ ਨੂੰ ਇਨ੍ਹਾਂ ਬਗੈਰ ਕਿਸੇ ਬਿਆਨ ਦਿੱਤਿਆ ਵਾਪਸ ਭੇਜ ਦਿੱਤਾ।

ਆਪ ਜੀ ਦੀਆਂ ਪੰਥਕ ਸੇਵਾਵਾਂ ਦਾ ਸਤਿਕਾਰ ਕਰਦਿਆਂ ਹੋਇਆਂ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਆਪ ਜੀ ਨੂੰ 16 ਸਤੰਬਰ, 1993 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ 'ਤੇ ਸਨਮਾਨਿਤ ਕੀਤਾ।

ਆਪ ਜੀ ਪੰਥ ਦੀਆਂ ਵੱਡਮੁੱਲੀਆਂ ਸੇਵਾਵਾਂ ਕਰਦੇ ਹੋਏ 31-3-2000 ਵਾਲੇ ਦਿਨ ਗੁਰ ਚਰਨਾਂ ਵਿੱਚ ਜਾ ਬਿਰਾਜੇ। (**ਸਮਾਪਤ**)

* * *


**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਵੱਲੋਂ**

**ਸਮੂਹ ਪੰਜਾਬੀ ਭਾਈਚਾਰੇ, ਲੁਬਾਣਾ ਬਰਾਦਰੀ**

**ਅਤੇ ਲੁਬਾਣਾ ਸੇਵਕ ਦੇ ਪਾਠਕਾਂ ਨੂੰ**

**ਨਵੇਂ ਸਾਲ 2016**

**ਦੀਆਂ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ।**

**ਸ. ਗੁਰਚਰਨ ਸਿੰਘ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਸਮੂਹ ਮੈਨੇਜਮੈਂਟ**

# ਆਇਆ ਲੋਹੜੀ ਦਾ ਤਿਉਹਾਰ, ਲੈ ਕੇ ਖੁਸ਼ੀਆਂ, ਸਧਰਾਂ, ਪਿਆਰ

**ਬਲਵਿੰਦਰ ਬਾਲਮ**



ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਮਰਜ਼ੀ ਚਾਹੇ ਖੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿੰਗਾਰ ਲਵੇ। ਮਨੁੱਖ ਨੇ ਮੌਸਮਾਂ, ਦਿਨਾਂ, ਵਾਤਾਵਰਣ, ਰੀਤੀ-ਰਿਵਾਜ਼, ਰਿਸ਼ਤਿਆਂਨਾਤਿਆਂ, ਸਬੰਧਾਂ, ਮੁਹੱਬਤ, ਪ੍ਰੇਮ, ਮੋਹ, ਲਗਾਵ ਅਤੇ ਪਰੰਪਰਾਵਾਂ ਆਦਿ ਨੂੰ ਮੱਦੇਨਜ਼ਰ ਰੱਖਦੇ ਹੋਏ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆਂ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਦੋਸਤੋ, ਅਗਰ ਮਨੁੱਖ ਦੀ ਜ਼ਿੰਦਗੀ ਵਿਚੋਂ ਮੇਲਿਆਂ, ਤਿਉਹਾਰਾਂ ਦੇ ਮਹੱਤਵਪੂਰਨ ਨੂੰ ਦਿਨਾਂ ਤੋਂ ਮਨਫੀ ਕਰ ਦਿੱਤਾ ਜਾਵੇ ਤਾਂ ਸਾਰੀ ਜ਼ਿੰਦਗੀ ਨੀਰਸ ਜਿਹੀ, ਫਿਕੀ ਜਿਹੀ ਤੇ ਬੇਸ਼ਸੁਆਦੀ ਜਿਹੀ ਹੋ ਕੇ ਰਹਿ ਜਾਏ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਨੇ ਮੇਲੇ ਤੇ ਤਿਉਹਾਰ।

ਲੋਹੜੀ ਸ਼ਬਦ 'ਲੋਹੀ' ਤੋਂ ਬਣਿਆ ਹੈ ਜਿਸ ਦਾ ਮਤਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ "ਮੀਂਹ ਵਸੇ ਲੋਹੀ ਇਕੋ ਜਿਹੀ ਹੋਈ"। ਇਕ ਹੋਰ ਕਹਾਵਤ ਲੋਹੜੀ ਦੇ ਅਰਥ ਖੋਲ੍ਹਦੀ ਹੈ "ਜੇ ਮੀਂਹ ਨਾ ਪਵੇ ਲੋਹੜੀ ਤਾਂ ਹਾੜ੍ਹੀ ਲਗੂ ਕੋਹੜੀ" ਭਾਵ ਕਿ ਜਦੋਂ ਲੋਹੜੀ ਦੇ ਮੌਕੇ ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।

ਪਰੰਪਰਾ ਦੇ ਗੁਲਸ਼ਨ 'ਚੋਂ ਹੀ ਜਨਮ ਲੈਂਦਾ ਹੈ 'ਲੋਹੜੀ' ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੀ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਤਿਹਾਸਕ ਦੰਦ ਕਥਾਵਾਂ ਨਾਲ ਜੁੜਿਆ ਹੋਇਆ ਹੈ। ਮੁੱਖ ਤੌਰ 'ਤੇ ਭਾਰਤ ਦਾ ਪ੍ਰਸਿੱਧ ਪੰਜਾਬ ਰਾਜ ਖੇਤੀਬਾੜੀ ਪ੍ਰਧਾਨ ਰਾਜ ਹੈ। ਇਸ ਕਰਕੇ ਕਿਸਾਨਾਂ, ਜ਼ਿਮੀਦਾਰਾਂ ਤੇ ਮਜ਼ਦੂਰਾਂ ਦੀ ਮਿਹਨਤ ਨਾਲ ਮੇਲ ਖਾਂਦਾ ਹੋਇਆ ਲੋਹੜੀ ਦਾ ਤਿਉਹਾਰ ਖੁਸ਼ੀਆਂ, ਰੀਝਾਂ ਨੂੰ ਸਰਦੀ ਦੀ ਸਵਾਨ ਰੁੱਤ ਵਿਚ ਕੀਰਤੀਮਾਨ ਕਰਦਾ ਹੈ। ਲੋਹੜੀ ਸਭ ਮਜ਼ਹਮਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ, ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾ, ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸੱਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜ੍ਹੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਹੋ ਜੰਮਿਆਂ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ, ਭੁੱਜੇ ਦਾਣੇ, ਗੁੜ, ਫੁੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਦੀ ਹੈ। ਦਹੀ ਦੇ ਨਾਲ ਇਸਦਾ ਆਪਣਾ ਹੀ ਸੁਆਦ ਹੁੰਦਾ ਹੈ। ਜਿਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਖਾਸ ਕਰਕੇ ਬੱਚੇ ਨੂੰ ਸੋਨੇ ਦਾ ਕੜਾ ਪਾਉਣਾ ਸ਼ੁੱਭ ਸਮਝਿਆ ਜਾਂਦਾ ਹੈ।

ਅੱਜ ਕੱਲ੍ਹ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਓਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉੱਨਤ ਪਰਿਵਾਰਾਂ ਵਿਚ ਲੜਕੀਆਂ ਦੀ ਵੀ ਲੋਹੜੀ ਪਾਈ ਜਾਂਦੀ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ 'ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸਨੂੰ ਗਹਿਣੇ ਅਤੇ ਖਾਸ ਕਰਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁੱਭ ਸ਼ਗਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲਕੜਾ ਦੇ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਢ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿਲ ਆਦਿ ਸੁੱਟਦੇ ਹਨ। ਘਰਾਂ ਵਿੱਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ। ਇਕ ਸੰਪੂਰਨ ਖੁਸ਼ੀ ਦਾ ਆਲਮ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਅਣਖੀ ਸੂਰਮਾ ਹੋਇਆ ਹੈ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੌਲੀ ਵਿਚ ਪਾਇਆ। ਸੁੰਦਰੀ-ਮੁੰਦਰੀ ਦੀ ਸ਼ਾਦੀ, ਰਾਤ ਤੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਨ੍ਹਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਨ੍ਹਾਂ ਦੀ ਦੋਹਾਂ ਦੀ ਝੋਲੀ ਵਿੱਚ ਸ਼ੱਕਰ ਪਾਈ। ਇਸ ਸਬੰਧ ਵਿਚ ਅੱਜ ਵੀ ਇਕ ਗੀਤ ਪ੍ਰਚਲਿਤ ਹੈ। ਸੁੰਦਰ ਮੁੰਦਰੀਏ ਹੋ ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ ਹੋ, ਸ਼ੇਰ ਸ਼ੱਕਰ ਪਾਈ ਹੋ, ਕੁੜੀ ਦੇ ਬੋਝੇ ਪਾਈ, ਹੋ ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ ਹੈ, ਜ਼ਿਮੀਦਾਰਾਂ ਲੁਟੀ, ਹੋ ਜ਼ਿਮੀਦਾਰ ਸਦਾਓ ਹੋ, ਗਿਣ-ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈ ਕੇ ਨਸ ਗਿਆ, ਹੋ, ਹੋ, ਹੋ, ਹੋ, ਹੋ, ਹੋ, ਹੋ।

ਲੋਹੜੀ ਵਾਲੇ ਦਿਨ ਬਜ਼ੁਰਗ ਲੋਕ ਸੁੰਦਰੀ-ਮੁੰਦਰੀ ਦੀ ਕਥਾ ਵੀ ਸੁਣਾਉਂਦੇ ਹਨ ਕਿ ਕਿਸ ਤਰ੍ਹਾਂ ਦੁੱਲੇ ਭੱਟੀ ਸੂਰਮੇ ਨੇ ਗਰੀਬ ਲੜਕੀਆਂ ਦਾ ਵਿਆਹ ਕਰਕੇ ਆਪਣਾ ਧਰਮ ਨਿਭਾਇਆ। ਲੋਹੜੀ ਦੇ ਕਈ ਪਰੰਪਰਾਵਾਦੀ ਗੀਤ ਪ੍ਰਚਲਿਤ ਹਨ ਜਿਵੇਂ :-

ਲੋਹੜੀ ਬਣੀ ਲੋਹੜੀ, ਦਿਉ ਗੁੜ ਦੀ ਰੋੜੀ, ਵਈ ਰੋੜੀ, ਕਲਮਦਾਨ ਵਿਚ ਘਿਓ, ਜੀਵੇ ਮੁੰਡੇ ਦਾ ਪਿਉ, ਕਲਮਦਾਨ ਵਿਚ ਕਾਂ, ਜੀਵੇ, ਮੁੰਡੇ ਦੀ ਮਾਂ, ਕਲਮਦਾਨ ਵਿਚ ਕਾਨਾ, ਜੀਵੇ ਮੁੰਡੇ ਦਾ ਨਾਨਾ, ਕਲਮਦਾਨ ਵਿਚ ਕਾਨੀ, ਜੀਵੇ ਮੁੰਡੇ ਦੀ ਨਾਨੀ।

ਲੜਕੇ-ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜੁਬਾਨੀ ਯਾਦ ਹਨ। ਜਿਵੇਂ-ਕੋਠੀ ਹੇਠ ਚਾਕੂ, ਗੁੜ ਦੇਵੇ, ਮੁੰਡੇ ਦਾ ਬਾਪੂ, ਕੋਠੀ ਉਤੇ ਕਾਂ, ਗੁੜ ਦੇਵੇ ਮੁੰਡੇ ਦੀ ਮਾਂ। ਨਵ-ਵਿਆਹੁਤਾ ਜੋੜੇ ਲਈ ਲੋਹੜੀ ਦੇ ਗੀਤ ਬੋਲ ਕੇ ਲੋਹੜੀ ਮੰਗੀ ਜਾਂਦੀ ਹੈ ਜਿਵੇਂ ਟਾਂਡਾ-ਟਾਂਡਾ ਨੀਂ ਲਕੜੀਓ ਟਾਂਡਾ ਸੀ, ਇਸ ਟਾਂਡੇ ਨਾਲ ਕਲੀਰਾ ਸੀ, ਜੁੱਗ ਜੀਵੇ ਨੀਂ ਬੀਬੀ ਤੇਰਾ ਵੀਰਾ ਸੀ, ਇਸ ਵੀਰੇ ਦੀ ਵੇਲ੍ਹ ਵਧਾਈ ਸੀ, ਘਰ ਚੂੜ੍ਹੇ ਤੇ ਬੀੜ੍ਹੇ ਵਾਲੀ ਆਈ ਸੀ, ਚੂੜ੍ਹਾ ਬੀੜਾ ਵਜੇ ਨੀਂ, ਸ਼ਰੀਕਣੀਆਂ ਨੂੰ ਸੱਦੇ ਨੀਂ, ਸ਼ਰੀਕਣੀਆਂ ਮਾਰੇ ਬੋਲ, ਤੇਰਾ ਨਿੱਕਾ ਜੀਵੇ, ਤੇਰਾ ਵੱਡਾ ਜੀਵੇ, ਵੱਡ ਵਡੇਰਾ ਜੀਵੇ, ਗੁੜ ਦੀ ਰੋੜੀ ਜੀਵੇ, ਭਾਈਆਂ ਦੀ ਜੋੜੀ ਜੀਵੇ।

ਘਰ ਵਾਲੇ ਜਲਦੀ ਵਧਾਈ ਨਾ ਦੇਣ ਤਾਂ ਕੁੜੀਆਂ ਇਹ ਗੀਤ ਬੋਲਦੀ ਹਨ ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ, ਸਾਡੇ ਪੈਰਾਂ ਹੇਠ ਦਹੀਂ, ਅਸੀਂ ਹਿਲਣਾ ਵੀ ਨਹੀਂ, ਸਾਡੇ ਪੈਰਾਂ ਹੇਠ ਪਰਾਤ, ਸਾਨੂੰ ਉਤੋ ਪੈ ਗਈ ਰਾਤ। ਮੁੰਡੇ ਜੰਮਨ ਤੇ ਕੁੜੀਆਂ ਹਾਸੇ ਮਜ਼ਾਕ ਵਿਚ ਉਸ ਦੇ ਪਰਿਵਾਰ ਨੂੰ ਇਸ ਗੀਤ ਨਾਲ ਸੰਬੋਧਨ ਕਰਦੀਆਂ ਹਨ। ਗੀਗਾ ਤੱਕੜੀ ਦਾ ਛਾਬਾ, ਵੇ ਲੜਾਕਾ ਤੇਰਾ ਬਾਬਾ, ਗੀਗਾ ਤੱਤਾ-ਤੱਤਾ ਘਿਉ ਵੇ ਲੜਾਕਾ ਤੇਰਾ ਪਿਓ, ਗੀਗਾ ਗੋਰੀ ਗੋਰੀ ਗਾਂ ਵੇ ਲੜਾਕੀ ਤੇਰੀ ਮਾਂ। ਇਸ ਤਰ੍ਹਾਂ ਕੁਝ ਹੋਰ ਗੀਤ ਜਿਵੇਂ-ਕੁਪੀਏ ਨੀਂ ਕੁਪੀਏ, ਅਸਮਾਨ ਤੇ ਲੁਟੀਏ, ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ, ਲੰਗਰੀ 'ਚ ਦਾਲ, ਮਾਰ ਮੱਥੇ ਨਾਲ, ਮੱਥਾ ਤੇਰਾ ਵੱਡਾ ਲਿਆ ਲਕੜੀਆਂ ਦਾ ਗੱਡਾ, ਲੋਹੜੀ ਵਾਲੇ ਦਿਨ ਮੁੰਡੇ ਸਵਾਗ ਬਣਕੇ ਨੱਚਦੇ-ਨੱਚਦੇ ਵੀ ਲੋਹੜੀ (ਵਧਾਈ) ਮੰਗਦੇ ਹਨ।

ਲੋਹੜੀ ਤੇ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਹੀ ਕੀਤੇ ਜਾਂਦੇ ਹਨ। ਇਸ ਮਹੀਨੇ ਹੀ ਪੁੰਨਦਾਨ ਕਰਨਾ, ਖਾਸ ਕਰਕੇ ਲੜਕੀਆਂ ਦੀ ਸ਼ਾਦੀ ਕਰਨਾ ਉਚਿਤ ਸਮਝਿਆ ਜਾਂਦਾ ਹੈ। ਗ੍ਰਹਿ ਅਤੇ ਨਸ਼ੱਤਰਾਂ ਦੇ ਹਿਸਾਬ ਨਾਲ ਮਾਘ ਦਾ ਮਹੀਨਾ ਮੰਗਣੀਆਂ, ਮੁਕਲਾਵੇ, ਸ਼ਗਨ ਆਦਿ ਲਈ ਸ਼ੁੱਭ ਸਮਝਿਆ ਜਾਂਦਾ ਹੈ। ਇਸ ਮਹੀਨੇ ਵਿਚ ਨੌਜਵਾਨ ਨੂੰ ਸੰਤੁਲਤ ਖੁਰਾਕ ਖਾਣੀ ਚਾਹੀਦੀ ਹੈ ਜੋ ਫਾਇਦੇਮੰਦ ਹੁੰਦੀ ਹੈ। ਰਜ਼ਾਈ ਦਾ ਨਿਘ, ਗੰਨੇ ਦਾ ਰਸ, ਮੂਲੀਆਂ, ਗਾਜਰਾਂ ਆਦਿ ਖਾਣ ਦਾ ਮਜ਼ਾ ਹੀ ਇਸ ਮਹੀਨੇ ਹੁੰਦਾ ਹੈ। ਪਹੁ ਫੁਟਾਲੇ ਉੱਠ ਕੇ ਬਾਜਰੇ ਦੀ ਖਿਚੜੀ, ਸਰ੍ਹੋਂ ਦਾ ਸਾਗ, ਜਵਾਰ ਦੀ ਰੋਟੀ ਅਤੇ ਮੱਖਣ ਆਦਿ ਖਾਣ ਦਾ ਆਪਣਾ ਸੁਆਦ ਹੁੰਦਾ ਹੈ ਤੇ ਮਾਘੀ ਦਾ ਮੇਲਾ ਪੰਜਾਬ ਵਿਚ ਅਨੇਕਾਂ ਥਾਵਾਂ 'ਤੇ ਬੜੀ ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ। ਖਾਸ ਕਰਕੇ ਮਾਘੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਬਾਰਹ ਮਾਹਾ ਵਿਚ ਵੀ ਮਾਘ ਮਹੀਨੇ ਦੀ ਇੰਜ ਉਸਤਤ ਕੀਤੀ ਹੈ। ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨ । ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ। ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ। ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨ । ਅਠਸਿਠ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ। ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ। ਜਿਨਾ ਮਿਲਿਆ ਪ੍ਰਭੂ ਆਪਣਾ ਨਾਨਕ ਤਿਨ ਕੁਰਬਾਨੁ ।ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੂ ਮਿਹਰਵਾਨੁ।

ਸ੍ਰੀ ਕ੍ਰਿਸ਼ਨ ਭਗਵਾਨ ਨੇ ਵੀ ਗੀਤੇ ਦੇ ਅੱਠਵੇਂ ਅਧਿਆਇ ਵਿਚ ਵੀ ਮਾਘ ਮਹੀਨੇ ਦੀ ਉਸਤਤ ਕੀਤੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਪ੍ਰਯਾਗ ਤੀਰਥ ਵਿਖੇ ਸਾਧੂ ਮਹਾਤਮਾ ਲੋਕ ਇਥੇ ਪ੍ਰਕਲਪ ਕਰਦੇ ਹਨ। ਭਾਵ ਕਿ ਇਕ ਮਹੀਨੇ ਤੱਕ ਸਾਧਨਾ ਕਰਦੇ ਹਨ। ਮਾਘ ਮਹੀਨੇ ਤੋਂ ਅਗਲੇ 6 ਮਹੀਨੇ ਤੱਕ ਸਾਧੂ ਮਹਾਤਮਾ ਲੋਕ ਜੋ ਤਪੱਸਿਆ ਕਰਦੇ ਹਨ, ਉਸ ਨੂੰ ਉਤਰਾਇਨਮ ਕਹਿੰਦੇ ਹਨ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਾਮ ਨਾਲ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਭਰੋਕੇ ਰੱਖੇ। ਜਿਸ ਤੋਂ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

**ਉਂਕਾਰ ਨਗਰ ਗੁਰਦਾਸਪੁਰ।**

**ਮੋਬਾਇਲ -98156-25404**



# ਸ਼ੁੱਭ ਵਿਆਹ





ਮਿਤੀ 26 ਦਸੰਬਰ, 2015 ਨੂੰ ਕਾਕਾ ਤਜਿੰਦਰਪਾਲ ਸਿੰਘ ਪੁੱਤਰ ਸ. ਅਮਰਜੀਤ ਸਿੰਘ, ਸਾਬਕਾ ਬੈਂਕ ਮੈਨੇਜਰ, ਪੰਜਾਬ ਅਤੇ ਸਿੰਧ ਬੈਂਕ, ਪਿੰਡ ਕਾਹਨੂੰਵਾਨ, ਮੁਹੱਲਾ ਟਾਂਡਾ ਦਾ ਸ਼ੁਭ ਵਿਆਹ ਬੀਬੀ ਪਰਮਿੰਦਰ ਕੌਰ ਐਮ.ਬੀ.ਏ. ਪੁੱਤਰੀ ਸ. ਜੋਗਿੰਦਰ ਸਿੰਘ, ਸਾਬਕਾ ਸੂਬੇਦਾਰ ਮੇਜਰ, ਪਿੰਡ ਗੋਹਤ-ਪੋਖਰ ਜ਼ਿਲ੍ਹਾ ਗੁਰਦਾਸਪੁਰ ਨਾਲ ਪੂਰਨ ਗੁਰ ਮਰਿਆਦਾ ਨਾਲ ਸੰਪੂਰਨ ਹੋਇਆ। ਵਿਆਹ ਦਾ ਕਾਰਜ ਅਨੰਦ ਕਾਰਜ ਰਾਹੀਂ ਪੂਰਾ ਕੀਤਾ ਗਿਆ। ਇਸ ਸ਼ੁਭ ਮੌਕੇ ਤੇ ਮਾਨਯੋਗ ਪਤਵੰਤੇ ਸੱਜਣ ਸੱਜਣੀਆਂ ਨੇ ਹਾਜ਼ਰੀ ਭਰੀ ਅਤੇ ਅਨੰਦ ਕਾਰਜ ਤੋਂ ਬਾਅਦ ਦੋਹਾਂ ਪਰਿਵਾਰਾਂ ਨੂੰ ਬਹੁਤ-ਬਹੁਤ ਵਧਾਈ ਦਿੱਤੀ ਗਈ। ਇਸ ਮੌਕੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ ਗਿਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਬਖਸ਼ਦੇ ਹੋਏ ਸ. ਗੁਰਚਰਨ ਸਿੰਘ ਪਾਲੀਆ (ਸਾਬਕਾ ਫਲਾਈਟ ਲੈਫਟੀਨੈਂਟ) ਸਾਬਕਾ ਜਨਰਲ ਸਕੱਤਰ, ਲੁਬਾਣਾ ਫਾਊਂਡੇਸ਼ਨ, ਸ. ਈਸਰ ਸਿੰਘ, ਡਿਪਟੀ ਡੀ.ਈ.ਓ. (ਰਿਟਾ.), ਕਰਨਲ ਪਰਮਜੀਤ ਸਿੰਘ ਪਾਲੀਆ, ਨਿਰਮਲ ਸਿੰਘ, ਸਾਬਕਾ ਪ੍ਰਿੰਸੀਪਲ, ਪਰਮਜੀਤ ਸਿੰਘ, ਸਾਬਕਾ ਪ੍ਰਧਾਨ, ਬੂੜ ਸਿੰਘ, ਸਰਪੰਚ ਰਜਿੰਦਰ ਸਿੰਘ, ਗੋਹਤ ਪੋਖਰ, ਪ੍ਰਧਾਨ ਸਤਿਨਾਮ ਸਿੰਘ, ਸਰਪੰਚ ਹਰਜਿੰਦਰ ਸਿੰਘ, ਕਾਹਨੂੰਵਾਨ ਹਾਜ਼ਰ ਹੋਏ। ਇਸ ਮੌਕੇ ਤੇ ਲੁਬਾਣਾ ਫਾਊਂਡੇਸ਼ਨ ਨੂੰ ਸ. ਅਮਰਜੀਤ ਸਿੰਘ ਨੇ 1100.00 ਰੁ. ਇਸ ਕਾਰਜ ਦੀ ਖੁਸ਼ੀ ਦੇ ਮੌਕੇ ਤੇ ਦਿੱਤੇ ਗਏ।

ਗੁਰਚਰਨ ਸਿੰਘ ਪਾਲੀਆ

ਰਿਜ਼ਨਲ ਪ੍ਰਧਾਨ

# ਮੋਟੇ-ਮਾਜਰਾ ਹਾਈ ਸਕੂਲ ਦੇ ਬੱਚਿਆਂ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੇ ਦਿੱਤਾ ਵਜ਼ੀਫਾ



ਐਸ ਏ ਐਸ ਨਗਰ, 21 ਜਨਵਰੀ (ਸ.ਬ.) ਸਰਕਾਰੀ ਹਾਈ ਸਕੂਲ ਮੋਟੇ ਮਾਜਰਾ ਦੀ ਦਸਵੀਂ ਜਮਾਤ ਦੀਆਂ ਚਾਰ ਵਿਦਿਆਰਥਣਾਂ ਨੂੰ ਪੜ੍ਹਾਈ ਵਿੱਚ ਚੰਗੀ ਕਾਰਗੁਜ਼ਾਰੀ ਦੇ ਆਧਾਰ 'ਤੇ 'ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ-ਸੈਕਟਰ 30, ਚੰਡੀਗੜ੍ਹ' ਵੱਲੋਂ ਪ੍ਰਤੀ ਵਿਦਿਆਰਥਣ 3600 ਰੁਪਏ ਸਲਾਨਾ ਦੀ ਯੱਕਮੁਸ਼ਤ ਰਾਸ਼ੀ ਦੇ ਚੈਕ ਦੇ ਕੇ ਸਨਮਾਨਿਤ ਕੀਤਾ ਗਿਆ।

ਸਕੂਲ-ਮੁਖੀ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਦਾਨੀ ਸੰਸਥਾ ਹਰ ਵਰ੍ਹੇ ਇਸ ਸਰਕਾਰੀ ਸਕੂਲ ਵਿੱਚ ਪੜ੍ਹਦੇ ਦਸਵੀਂ ਜਮਾਤ ਦੇ ਬੱਚਿਆਂ ਨੂੰ ਉਹਨਾਂ ਦੀ ਵਿੱਦਿਅਕ ਕਾਰਗੁਜ਼ਾਰੀ ਦੇ ਆਧਾਰ ਤੇ ਸਕਾਲਰਸ਼ਿਪ ਦੇ ਕੇ ਉਤਸ਼ਾਹਿਤ ਕਰਦੀ ਆ ਰਹੀ ਹੈ। ਉਹਨਾਂ ਦੱਸਿਆ ਕਿ ਇਸ ਸੰਸਥਾ ਦੇ ਖਜ਼ਾਨਚੀ ਜਗੀਰ ਸਿੰਘ ਲਾਲੀਆ ਦੇ ਨਿੱਜੀ ਜਤਨਾਂ ਸਦਕਾ ਪੜ੍ਹਾਈ ਵਿੱਚ ਹੁਸ਼ਿਆਰ ਬੱਚਿਆਂ ਨੂੰ ਵਜ਼ੀਫੇ ਦੇ ਰੂਪ ਵਿੱਚ ਇਹ ਵਿੱਤੀ ਸਹਾਇਤਾ ਮਿਲਦੀ ਹੈ ਜੋ ਹੋਰ ਬੱਚਿਆਂ ਨੂੰ ਮਿਹਨਤ ਕਰਨ ਲਈ ਪ੍ਰੇਰਨਾ-ਸ੍ਰੋਤ ਵੀ ਬਣਦੀ ਹੈ। ਸਕਾਲਰਸ਼ਿਪ ਦੇ ਇਹ ਚੈੱਕ ਸ੍ਰੀ ਜਗੀਰ ਸਿੰਘ ਲਾਲੀਆ ਵੱਲੋਂ ਸਕੂਲ ਭਵਨ ਵਿੱਚ ਆਯੋਜਿਤ ਇੱਕ ਸਾਦੇ ਸਮਾਰੋਹ ਦੌਰਾਨ ਸਕੂਲ ਸਟਾਫ ਅਤੇ ਬੱਚਿਆਂ ਦੇ ਮਾਤਾ-ਪਿਤਾ ਦੀ ਮੌਜੂਦਗੀ ਵਿੱਚ ਪ੍ਰਦਾਨ ਕੀਤੇ ਗਏ। ਸਕੂਲ-ਮੁਖੀ ਸੁਰਜੀਤ ਸਿੰਘ ਨੇ ਵਜ਼ੀਫਾ ਪ੍ਰਾਪਤ ਕਰਨ ਵਾਲੀਆਂ ਚਾਰ ਵਿਦਿਆਰਥਣਾਂ ਕਰਮਜੀਤ ਕੌਰ, ਰਮਨਦੀਪ ਕੌਰ, ਸੁਮਨਪ੍ਰੀਤ ਕੌਰ ਅਤੇ ਨਰਿੰਦਰ ਕੌਰ ਨੂੰ ਸ਼ਾਬਾਸ਼ੀ ਦਿੰਦਿਆਂ ਹੋਰ ਬੱਚਿਆਂ ਨੂੰ ਵੀ ਇਹਨਾਂ ਵਾਂਗ ਮਨ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਆ। ਸਕੂਲ-ਮੁਖੀ ਸੁਰਜੀਤ ਸਿੰਘ ਅਤੇ ਸਟਾਫ ਮੈਂਬਰਾਂ ਪੂਨਮ ਰਾਣੀ, ਸੀਮਾ ਧਾਰੀਵਾਲ, ਦੀਪਕ ਕੁਮਾਰ, ਈਸ਼ਾ ਸੇਠੀਆ, ਮਨਿੰਦਰ ਕੌਰ, ਵਾਂਪੀ ਸਿਗਲਾ, ਹਰਪ੍ਰੀਤ ਕੌਰ ਅਤੇ ਰਾਜਦੀਪ ਸਿੰਘ ਨੇ ਦਾਨੀ ਸੰਸਥਾ 'ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ' ਅਤੇ ਜਗੀਰ ਸਿੰਘ ਲਾਲੀਆ ਦਾ ਉਚੇਚਾ ਧੰਨਵਾਦ ਕੀਤਾ।

Powere

ਜਗੀਰ ਸਿੰਘ ਲਾਲੀਆ (ਵਿੱਤ ਸਕੱਤਰ)

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਿਹਤ ਖੇਤਰ ਵਿਚ ਮੋਬਾਈਲ ਐਂਬੂਲੈਂਸ ਕਮ ਕਲੀਨਿਕਲ ਵੈਨ ਜਲੰਧਰ ਵੱਲੋਂ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਕੈਂਪਾਂ ਦਾ ਵੇਰਵਾ



ਮਿਤੀ 15-1-2016 ਪਿੰਡ ਜਲਾਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੈਂਪ ਲਾਇਆ ਗਿਆ। ਜਿਥੇ ਤਕਰੀਬਨ 54 ਮਰੀਜ਼ਾਂ ਦਾ ਟੈਸਟ ਅਤੇ ਈ.ਸੀ.ਜੀ. ਕੀਤੀ ਗਈ।



ਮਿਤੀ 16-1-2016 ਨੂੰ ਗੁਰਪੁਰਬ ਦਿਵਸ 'ਤੇ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਕੰਪਲੈਕਸ 66 ਫੁੱਟੀ ਰੋਡ 'ਤੇ ਕੈਂਪ ਲਗਾਇਆ ਗਿਆ। ਇਥੇ ਤਕਰੀਬਨ 35 ਮਰੀਜ਼ਾਂ ਦਾ ਟੈਸਟ ਕੀਤਾ ਗਿਆ।



ਗੁਰਪੁਰਬ ਦਿਵਸ 'ਤੇ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਕੰਪਲੈਕਸ 66 ਫੁੱਟੀ ਰੋਡ 'ਤੇ ਲਗਾਏ ਗਏ ਕੈਂਪ ਦਾ ਦ੍ਰਿਸ਼



ਮਿਤੀ 23-1-2016 ਇੰਜ. ਬਲਜੀਤ ਸਿੰਘ ਭਗਤਾਣਾ ਡਿਪਟੀ ਚੀਫ਼ ਇੰਜੀ. (ਰਿਟਾ.) ਦੇ ਸਹਿਯੋਗ ਨਾਲ ਸਰਸਵਤੀ ਵਿਹਾਰ ਕਪੂਰਥਲਾ ਰੋਡ, ਜਲੰਧਰ ਵਿਖੇ ਕੈਂਪ ਲਗਾਇਆ ਗਿਆ। ਇਥੇ ਤਕਰੀਬਨ 40 ਮਰੀਜ਼ਾਂ ਦਾ ਟੈਸਟ ਕੀਤਾ ਗਿਆ।



ਮਿਤੀ 26-1-2016 ਗਣਤੰਤਰ ਦਿਵਸ ਤੇ ਮੋਤਾ ਸਿੰਘ ਨਗਰ ਜਲੰਧਰ ਵਿਖੇ ਸ. ਹਰਭਜਨ ਸਿੰਘ ਅਤੇ ਨਗਰ ਨਿਵਾਸੀਆਂ ਕੈਂਪ ਲਗਾਇਆ ਗਿਆ। ਇਥੇ ਤਕਰੀਬਨ 40 ਮਰੀਜ਼ਾਂ ਦਾ ਟੈਸਟ ਕੀਤਾ ਗਿਆ।



ਮਿਤੀ 30-1-2016 ਗੁਰਦੁਆਰਾ ਦਿਲਬਾਗ ਨਗਰ ਜਲੰਧਰ ਵਿਖੇ ਮੇਜਰ ਰਵੇਲ ਸਿੰਘ ਦੇ ਸਹਿਯੋਗ ਨਾਲ ਕੈਂਪ ਲਗਾਇਆ ਗਿਆ। ਇਥੇ ਤਕਰੀਬਨ 100 ਮਰੀਜ਼ਾਂ ਦਾ ਟੈਸਟ ਅਤੇ ਈ.ਸੀ.ਜੀ. ਕੀਤੀ ਗਈ।

# ਸ਼ੁੱਭ ਵਿਆਹ

## ਵਧਾਈਆਂ—ਵਧਾਈਆਂ



ਸ. ਸੁਰਜੀਤ ਸਿੰਘ ਭੱਟੀਆਂ ਜੱਟਾਂ, ਸਾਬਕਾ ਸਰਪੰਚ, ਬਲਾਕ ਸੰਮਤੀ ਮੈਂਬਰ ਅਤੇ ਸਾਬਕਾ ਚੇਅਰਮੈਨ, ਰੀਜਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਅਤੇ ਸਰਦਾਰਨੀ ਜੋਗਿੰਦਰ ਕੌਰ, ਸਾਬਕਾ ਸਰਪੰਚ ਅਤੇ ਮੌਜੂਦਾ ਚੇਅਰਪਰਸਨ, ਬਲਾਕ ਸੰਮਤੀ ਮੁਕੇਰੀਆਂ ਦੇ ਸਪੁੱਤਰ ਐਡਵੋਕੇਟ ਹਰਪ੍ਰੀਤ ਸਿੰਘ ਪੋਤਰਾ ਡਾ. ਗਿਆਨ ਸਿੰਘ, ਮੁਕੇਰੀਆਂ ਵਾਸੀ ਭੱਟੀਆਂ ਜੱਟਾਂ, ਤਹਿਸੀਲ-ਮੁਕੇਰੀਆਂ ਜ਼ਿਲ੍ਹਾ-ਹੁਸ਼ਿਆਰਪੁਰ ਦਾ ਸ਼ੁਭ ਆਨੰਦ ਕਾਰਜ ਪੂਰਨ ਗੁਰਮਰਿਆਦਾ ਅਨੁਸਾਰ ਡਾ. ਸੋਨਮਪ੍ਰੀਤ ਕੌਰ ਸਪੁੱਤਰੀ ਐਡਵੋਕੇਟ ਹਰਪ੍ਰੀਤ ਸਿੰਘ ਜ਼ਿਲ੍ਹਾ-ਅਟਾਰਨੀ ਕਰਨਾਲ ਅਤੇ ਭਰਾ ਸ. ਸਰਜੀਤ ਸਿੰਘ, ਸੀਨੀਅਰ ਐਡਵੋਕੇਟ, ਕੈਥਲ ਅਤੇ ਸੀਨੀਅਰ ਮੀਤ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਅਸ਼ੀਰਵਾਦ ਸਦਕਾ 28 ਨਵੰਬਰ 2015 ਨੂੰ ਬਾਠ ਕੈਸਲ ਜਲੰਧਰ ਵਿਖੇ ਹੋਇਆ।

ਬਹੁਤ ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ ਇਹ ਸ਼ਾਦੀ ਜੋ ਕਿ ਉੱਚੇ ਪੜ੍ਹੇ-ਲਿਖੇ ਬੱਚਿਆਂ ਦੀ ਹੋਈ ਹੈ ਸਿਰਫ ਤੇ ਸਿਰਫ ਸਵਾ ਰੁਪਏ ਵਿਚ ਹੋਈ ਹੈ ਮਤਲਬ ਲੋਹੇ ਦਾ ਇਕ ਰੁਪਇਆ ਚਾਰ ਆਨੇ ਹੀ ਲਏ ਗਏ ਜੋ ਕਿ ਠਾਕੇ ਵਿਚ ਹੀ ਚੌਧਰੀ ਬਲਬੀਰ ਸਿੰਘ ਮਿਆਣੀ ਸਾਬਕਾ ਮੰਤਰੀ, ਪੰਜਾਬ ਜੀ ਦੇ ਗ੍ਰਹਿ ਵਿਖੇ ਹੋਇਆ, ਦੇ ਮੌਕੇ ਲਿਆ ਗਿਆ। ਸ਼ਾਦੀ

ਦੀ ਸੰਪੂਰਨਤਾਈ ਤੱਕ ਕੋਈ ਕਿਸੇ ਕਿਸਮ ਦਾ ਪੈਸਾ, ਸੋਨਾ, ਦਾਜ, ਪਰਿਵਾਰਕ ਸਮਾਨ ਜਾਂ ਕਿਸੇ ਕਿਸਮ ਦਾ ਕੋਈ ਕੱਪੜਾ-ਲੱਤਾ ਕਿਸੇ ਵੀ ਪਰਿਵਾਰਕ ਮੈਂਬਰ ਦਾ ਨਹੀਂ ਲਿਆ ਗਿਆ। ਮਿਲਣੀ ਸਮੇਂ ਤਕਰੀਬਨ 40 ਮਿਲਣੀਆਂ ਕੀਤੀਆਂ ਗਈਆਂ ਜੋ ਸਿਰਫ ਫੁੱਲਾਂ ਦੇ ਹਾਰਾਂ ਨਾਲ ਹੀ ਕੀਤੀਆਂ ਗਈਆਂ ਜੋ ਕਿ ਬੜਾ ਮਨਮੋਹਕ ਦ੍ਰਿਸ਼ ਸੀ। ਇਸ ਸੁਭਾਗ ਸਮੇਂ ਪਰਿਵਾਰ ਦੇ ਮੋਢੀ ਮੈਂਬਰ ਮੇਜਰ ਮੇਹਰ ਸਿੰਘ (ਰਿਟਾ.), ਜਸਟਿਸ ਬਖਸ਼ੀਸ਼ ਕੌਰ (ਰਿਟਾ.) , ਡੀ.ਆਈ.ਜੀ. ਸੇਵਾ ਸਿੰਘ ਸ਼ਾਹ (ਰਿਟਾ.) , ਸੈਸ਼ਨ ਜੱਜ ਸ. ਧਿਆਨ ਸਿੰਘ (ਰਿਟਾ.), ਕੈਪਟਨ ਜਸਵੰਤ ਸਿੰਘ, ਕਮਾਂਡਰ ਜੋਗਿੰਦਰ ਸਿੰਘ, ਵਿੰਗ ਕਮਾਂਡਰ ਵੀ.ਪੀ. ਸਿੰਘ, ਐਡਵੋਕੇਟ ਕਰਨਜੀਤ ਸਿੰਘ, ਸਕੱਤਰ ਬਾਰ ਕੌਂਸਿਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪਤਵੰਤੇ ਸੱਜਣ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.), ਸ੍ਰੀ ਬਿੱਧੀ ਚੰਦ ਆਈ.ਏ.ਐਸ. ਰਿਟਾ.), ਸ. ਗੁਰਚਰਨ ਸਿੰਘ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ, ਚੌਧਰੀ ਬਲਬੀਰ ਸਿੰਘ ਮਿਆਣੀ, ਸਾਬਕਾ ਮੰਤਰੀ, ਸ. ਜਗਤਾਰ ਸਿੰਘ, ਸਾਬਕਾ ਮੰਤਰੀ ਪੰਜਾਬ, ਸ. ਰਤਨ ਸਿੰਘ ਅਜਨਾਲਾ, ਸਾਬਕਾ ਐਮ.ਪੀ., ਸ. ਜਗਦੀਸ਼ ਸਿੰਘ ਗਰਚਾ, ਸਾਬਕਾ ਮੰਤਰੀ, ਆਈ.ਜੀ. ਬਖਸ਼ੀਸ਼ ਸਿੰਘ, ਬੀ.ਐਸ.ਐਫ., ਮੇਜਰ ਜਨਰਲ ਚੌਧਰੀ ਤਰਲੋਕ ਸਿੰਘ, ਲੈਫ. ਜਨਰਲ ਰਨਵੀਰ ਸਿੰਘ ਡੀ.ਜੀ. ਆਸਾਮ (ਰਿਟਾ.), ਲੈਫ. ਜਨਰਲ ਰਾਜਿੰਦਰ ਸਿੰਘ ਦੇਹੀ, ਬ੍ਰਿਗੇਡੀਅਰ ਏ.ਕੇ. ਮਹਿਤਾਸ, ਬ੍ਰਿਗੇਡੀਅਰ ਬਲਬੀਰ ਸਿੰਘ, ਪਟਿਆਲਾ, ਸ. ਬਖਸ਼ੀਸ਼ ਸਿੰਘ ਐਮ.ਐਲ.ਏ. (ਸੀ.ਪੀ.ਐਸ.) ਹਰਿਆਣਾ, ਸ. ਹਰਮਿੰਦਰ ਸਿੰਘ ਚੱਠਾ ਸਾਬਕਾ ਵਿਤ ਮੰਤਰੀ, ਸ੍ਰੀ ਕੁਲਦੀਪ ਸ਼ਰਮਾ, ਸਾਬਕਾ ਸਪੀਕਰ ਹਰਿਆਣਾ, ਸ੍ਰੀ ਜਿਲੇ ਰਾਮ ਸ਼ਰਮਾ ਐਮ.ਐਲ.ਏ., ਸੀ.ਪੀ.ਐਸ. ਹਰਿਆਣਾ, ਸ੍ਰੀ ਆਰ.ਐਸ. ਚੀਮਾ ਐਡਵੋਕੇਟ ਸੁਪਰੀਮ ਕੋਰਟ, ਸ. ਸਮਸ਼ੇਰ ਗੋਗੀ ਜਨਰਲ ਸਕੱਤਰ ਹਰਿਆਣਾ ਕਾਂਗਰਸ, ਸ੍ਰੀਮਤੀ ਮਨਜੀਤ ਕੌਰ ਮੈਂਬਰ ਐਸ.ਜੀ.ਪੀ.ਸੀ, ਸ. ਤਾਰਾ ਸਿੰਘ ਸੱਲਾਂ ਮੈਂਬਰ ਐਸ.ਜੀ.ਪੀ.ਸੀ., ਸ. ਮਹਾਂਵੀਰ ਸਿੰਘ ਆਈ.ਐਫ.ਐਸ., ਐਸ.ਐਸ.ਪੀ. ਗੁਰਮੀਤ ਸਿੰਘ, ਸ. ਹਰਭਜਨ ਸਿੰਘ ਡਿਪਟੀ ਚੀਫ ਇੰਜੀ. (ਰਿਟਾ.), ਸ੍ਰੀ ਅਰੁਨੇਸ਼ ਸ਼ਾਕਰ ਸਾਬਕਾ ਮੰਤਰੀ, ਕਮਾਂਡਰ ਸ਼ਿਵਦੇਵ ਸਿੰਘ (ਰਿਟਾ.), ਸ. ਹਰਚਰਨ ਸਿੰਘ ਐਸ.ਡੀ.ਐਮ., ਸ. ਸੰਦੀਪ ਸਿੰਘ ਗਾੜ੍ਹਾ ਐਸ.ਡੀ.ਐਮ., ਸ੍ਰੀ ਸੰਦੀਪ ਰਿਸੀ ਚੇਅਰਮੈਨ ਅੰਮ੍ਰਿਤਸਰ ਕਾਰਪੋਰੇਸ਼ਨ, ਸ. ਸੁਰਜੀਤ ਸਿੰਘ ਅਬਲੋਵਾਲ ਚੇਅਰਮੈਨ ਪੰਜਾਬ, ਡੀ.ਆਈ.ਜੀ. ਹਰਸਰਨਜੀਤ ਸਿੰਘ ਚੰਡੀਗੜ੍ਹ, ਸ੍ਰੀ ਰਾਹੁਲ ਚੱਬਾ ਏ. ਡੀ.ਸੀ., ਸ੍ਰੀ ਡੀ.ਆਰ. ਭਗਤ ਏ. ਡੀ. ਸੀ., ਪ੍ਰਿੰਸੀਪਲ ਤਰਲੋਕ ਸਿੰਘ ਡੀਨ, ਪ੍ਰਿੰਸੀਪਲ ਪ੍ਰੀਤ ਮੋਹਿੰਦਰ ਸਿੰਘ ਖਾਲਸਾ ਕਾਲਜ, ਕਮਾਂਡੈਂਟ ਬਖਸ਼ੀਸ਼ ਸਿੰਘ, ਸ. ਭੁਪਿੰਦਰ ਸਿੰਘ ਚੰਡੀਗੜ੍ਹ, ਸੁਖਦੇਵ ਸਿੰਘ ਗਾੜ੍ਹਾ, ਲੁਧਿਆਣਾ, ਸ. ਰਵਿੰਦਰ ਸਿੰਘ ਐਸ.ਜੀ.ਪੀ.ਸੀ. ਮੁਕੇਰੀਆਂ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਇਸ ਸ਼ਾਦੀ ਵਿਚ ਸ਼ਮੂਲੀਅਤ ਕਰਕੇ ਨਵੇਂ ਜੋੜੇ ਨੂੰ ਅਸ਼ੀਰਵਾਦ ਦਿੱਤਾ।

ਪਰਿਵਾਰ ਵਲੋਂ ਇਸ ਖੁਸ਼ੀ ਦੇ ਮੌਕੇ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, ਚੰਡੀਗੜ੍ਹ ਲਈ 5100/- ਰੁਪਏ ਭੇਟਾਂ ਕੀਤੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡਸ਼ਨ (ਰਜਿ.), ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਇਸ ਖੁਸ਼ੀ ਦੇ ਮੌਕੇ ਤੇ ਨਵੀ ਵਿਆਹੀ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ ਲੰਮੀ ਅਤੇ ਸਫਲ ਜ਼ਿੰਦਗੀ ਦੀ ਕਾਮਨਾ ਕਰਦੇ ਹੋਏ ਆਸ ਪ੍ਰਗਟ ਕਰਦੀ ਹੈ ਕਿ ਇਹ ਬੱਚੇ ਦੇਸ਼ ਅਤੇ ਕੌਮ ਦੀ ਸੇਵਾ ਕਰਦੇ ਹੋਏ ਪਰਿਵਾਰ ਦਾ ਨਾਮ ਹੋਰ ਵੀ ਉੱਚਾ ਕਰਨਗੇ।

**(ਗੁਰਚਰਨ ਸਿੰਘ)**

**ਪ੍ਰਧਾਨ**

# ਫਰੀਡਮ ਫਾਈਟਰ ਮੇਜਰ ਗੁਰਦਿੱਤ ਸਿੰਘ



ਮੇਜਰ ਗੁਰਦਿੱਤ ਸਿੰਘ ਦਾ ਜਨਮ 1916 ਵਿਚ ਮਾਤਾ ਗੁਰੋ ਅਤੇ ਪਿਤਾ ਨਾਨਕ ਸਿੰਘ ਦੇ ਘਰ ਪਿੰਡ ਬਲੜ੍ਹਵਾਲ ਜਿਲ੍ਹਾ-ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਬਾਬਾ ਜੀ ਸੂਬੇਦਾਰ ਮਨਸਾ ਸਿੰਘ ਫੌਜ ਵਿਚੋਂ 1908 ਵਿਚ ਪੈਨਸ਼ਨ ਆਏ ਸੀ ਅਤੇ ਲੁਬਾਣਾ ਭਾਈਚਾਰੇ ਦੇ ਪੁਰਾਣੇ ਸਰਦਾਰਾਂ ਵਿਚੋਂ ਇਕ ਸਨ। ਉਨ੍ਹਾਂ ਹੋਰ ਸਰਦਾਰਾਂ ਸਮੇਤ ਕੈਪਟਨ ਮਹਿਤਾਬ ਸਿੰਘ ਗਾਲੋਵਾਲ ਦੀ ਅਗਵਾਈ ਵਿਚ ਲਾਰਡ ਕਰਜਨ ਗਵਰਨਰ ਜਰਨਲ ਤੱਕ ਮਿਲ ਕੇ ਲੁਬਾਣਾ ਭਾਈਚਾਰੇ ਦੀਆਂ ਵੱਖ ਪਲਟਨਾ ਦੀ ਸਥਾਪਨਾ ਕਰਾਈ। ਉਨ੍ਹਾਂ ਨੇ ਲੁਬਾਣਾ ਭਾਈਚਾਰੇ ਨੂੰ ਬਾਕੀ ਰਹਿੰਦੇ ਪੰਜਾਬ ਵਿਚ ਕਾਸ਼ਤਕਾਰ ਪੇਸ਼ੇ ਵਿਚ ਸ਼ਾਮਲ ਕਰਵਾਇਆ। ਸੂਬੇਦਾਰ ਮੇਜਰ ਅਮਰ ਸਿੰਘ ਓ.ਬੀ.ਆਈ. ਜੋ ਕਿ ਕਰਨਲ ਪ੍ਰਤਾਪ ਸਿੰਘ ਦੇ ਪਿਤਾ ਜੀ ਸਨ ਉਹ ਮੇਜਰ ਗੁਰਦਿੱਤ ਸਿੰਘ ਦੇ ਤਾਇਆ ਜੀ ਸਨ। ਮੇਜਰ ਗੁਰਦਿੱਤ ਸਿੰਘ ਦੇ ਚਾਚਾ ਜੀ ਸ. ਕਰਤਾਰ ਸਿੰਘ ਇਸ ਸਾਰੇ ਪਰਿਵਾਰ ਦਾ ਜ਼ਿਲ੍ਹਾ ਗੁਰਦਾਸਪੁਰ ਵਿਚ ਕਾਫੀ ਆਦਰਮਾਨ ਸੀ। ਮੇਜਰ ਗੁਰਦਿੱਤ ਸਿੰਘ ਨੇ ਦੱਸਵੀਂ ਜਮਾਤ ਸਰਕਾਰੀ ਹਾਈ ਸਕੂਲ ਸ੍ਰੀ ਹਰਗੋਬਿੰਦਪੁਰ ਤੋਂ ਪਾਸ ਕੀਤੀ ਅਤੇ ਸੰਨ 1936 ਵਿਚ ਫੌਜ ਵਿਚ ਕਲਰਕ ਭਰਤੀ ਹੋ ਗਏ। ਉਨ੍ਹਾਂ ਨੇ ਜੂਨ ਸੰਨ 1941 ਵਿਚ ਕਮੀਸ਼ਨ ਪ੍ਰਾਪਤ ਕੀਤਾ ਅਤੇ ਫਰੰਟੀਅਰ ਫੋਰਸ ਦੀ ਪਲਟਨ ਵਿਚ ਨਿਯੁਕਤੀ ਹੋਈ। ਮੇਜਰ ਗੁਰਦਿੱਤ ਸਿੰਘ ਦੂਜੀ ਜੰਗ ਦੇ ਸਮੇਂ ਵਿਚ ਐਕਸੀਡੈਂਟ ਹੋਣ ਕਾਰਨ ਆਰਮੀ ਸਰਵਿਸ ਕੋਰ ਵਿਚ ਤਬਦੀਲ ਕਰ ਦਿੱਤੇ ਗਏ। 1945 ਵਿਚ ਉਨ੍ਹਾਂ ਨੂੰ ਐਰਨਾਕਲਮ-ਕੋਚਿਨ ਵਿਖੇ ਤਬਦੀਲ ਕਰ ਦਿੱਤਾ ਗਿਆ। 1946 ਦੇ ਸ਼ੁਰੂ ਵਿਚ ਨੇਵੀ ਵਿਚ ਕੋਚਿਨ ਵਿਖੇ ਅਫਸਰਾਂ ਨੇ ਸਰਕਾਰ ਵਿਰੁੱਧ ਬਗਾਵਤ ਕਰ ਦਿੱਤੀ ਸੀ। ਇਨ੍ਹਾਂ ਅਫਸਰਾਂ ਨਾਲ ਮੇਜਰ ਗੁਰਦਿੱਤ ਸਿੰਘ ਜੀ ਦੀ ਬੜੀ ਗੂੜ੍ਹੀ ਮਿੱਤਰਤਾ ਸੀ। ਬਸ ਫਿਰ ਕੀ ਸੀ ਮੇਜਰ ਗੁਰਦਿੱਤ ਸਿੰਘ ਨੇ 22 ਫਰਵਰੀ 1946 ਨੂੰ ਕਾਂਗਰਸ ਦਾ ਝੰਡਾ ਚੁੱਕ ਕੇ ਐਰਨਾਕਲਮ ਦੇ ਬਜ਼ਾਰਾਂ ਵਿਚ ਸਰਕਾਰ ਦੇ ਖਿਲਾਫ ਜਲੂਸ ਕੱਢਿਆ ਤੇ ਨਾਹਰੇ ਲਗਾਏ। ਮੇਜਰ ਗੁਰਦਿੱਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਦਾ ਸਮਰੀ ਕੋਰਟ ਮਾਰਸ਼ਲ ਕਰਕੇ ਮਈ 1946 ਵਿਚ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ।

ਮੇਜਰ ਗੁਰਦਿੱਤ ਸਿੰਘ ਨੇ ਆਜ਼ਾਦੀ ਪਿੱਛੋਂ ਸਰਕਾਰ ਨੂੰ ਆਪਣੀ ਮੁੜ ਬਹਾਲੀ ਦੀ ਬੇਨਤੀ ਕੀਤੀ ਉਨ੍ਹਾਂ ਕੋਲੋ ਅਸਤੀਫਾ ਮੰਗਿਆ ਗਿਆ ਜੋ ਉਨ੍ਹਾਂ ਭੇਜ ਦਿੱਤਾ ਪਰ ਕਾਨੂੰਨੀ ਅੜਚਨ ਕਰਕੇ ਉਸ ਨੂੰ ਬਹਾਲ ਨਾ ਕੀਤਾ ਗਿਆ। ਮੈਂ 1957 ਵਿਚ ਮੇਜਰ ਗੁਰਦਿੱਤ ਸਿੰਘ ਨੂੰ ਨਾਲ ਲੈ ਕੇ ਗਿਆਨੀ ਕਰਤਾਰ ਸਿੰਘ ਮਾਲ ਮੰਤਰੀ ਪੰਜਾਬ ਨੂੰ ਮਿਲਿਆ ਤੇ ਉਨ੍ਹਾਂ ਦੀ ਅਡਜਸਟਮੈਂਟ ਲਈ ਬੇਨਤੀ ਕੀਤੀ ਪਰ ਕੋਈ ਸਿੱਟਾ ਨਾ ਨਿਕਲਿਆ। ਮੈਂ ਰਿਟਾਇਰਮੈਂਟ ਤੋਂ ਬਾਅਦ 1990 ਵਿਚ ਉਨ੍ਹਾਂ ਵਲੋਂ ਇੱਕ ਪੱਤਰ ਗ੍ਰਿਹ ਮੰਤਰਾਲੇ ਭਾਰਤ ਸਰਕਾਰ ਨੂੰ ਲਿਖ ਕੇ ਉਨ੍ਹਾਂ ਨੂੰ ਸੈਨਿਕ ਸਨਮਾਨ ਪੈਨਸ਼ਨ ਲਾਉਣ ਦੀ ਬੇਨਤੀ ਕੀਤੀ ਪਰ ਵਾਰ-ਵਾਰ ਲਿਖਣ ਤੇ ਵੀ ਮੰਤਰਾਲੇ ਨੇ ਇਹ ਕਹਿ ਕੇ ਪੈਨਸ਼ਨ ਲਾਉਣ ਤੋਂ ਇਨਕਾਰ ਕਰ ਦਿੱਤਾ ਕਿ ਮੇਜਰ ਗੁਰਦਿੱਤ ਸਿੰਘ ਦਾ ਰਿਕਾਰਡ ਦੱਸਦਾ ਹੈ ਕਿ ਉਨਾਂ ਨੂੰ 1946 ਵਿਚ ਡਿਸਮਿਸ ਕੀਤਾ ਸੀ ਅਤੇ ਫਿਰ 1948 ਵਿਚ ਉਸ ਨੇ ਅਸਤੀਫਾ ਦਿੱਤਾ ਸੀ ਜੋ ਮਨਜ਼ੂਰ ਕਰ ਲਿਆ ਗਿਆ ਸੀ ਇਸ ਲਈ ਉਸ ਨੂੰ ਆਜ਼ਾਦੀ ਘੁਲਾਟੀਆ ਕਰਾਰ ਨਹੀਂ ਦਿੱਤਾ ਜਾ ਸਕਦਾ। 1995 ਵਿਚ ਮੈਂ ਇਕ ਪੱਤਰ ਲੈਫ. ਜਨਰਲ ਬੀ.ਕੇ.ਐਨ. ਛਿੱਬਰ ਗਵਰਨਰ ਪੰਜਾਬ ਪਾਸੋਂ ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਨੂੰ ਮੇਜਰ ਗੁਰਦਿੱਤ ਸਿੰਘ ਆਜ਼ਾਦੀ ਘੁਲਾਟੀਏ ਦੀ ਪੈਨਸ਼ਨ ਲਾਉਣ ਸੰਬੰਧੀ ਲਿਖਵਾਇਆ ਪਰ ਉਸ ਦਾ ਵੀ ਕੋਈ ਸਿੱਟਾ ਨਾ ਨਿਕਲਿਆ। ਆਖਿਰਕਾਰ 2005 ਵਿਚ ਮੇਜਰ ਗੁਰਦਿੱਤ ਸਿੰਘ ਨੇ ਆਪਣਾ ਸਾਰਾ ਰਿਕਾਰਡ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਾਹਮਣੇ ਪੇਸ਼ ਕਰਕੇ ਬੇਨਤੀ ਕੀਤੀ ਕਿ ਉਸ ਨੂੰ ਆਜ਼ਾਦੀ ਘੁਲਾਟੀਆ ਕਰਾਰ ਦਿੱਤਾ ਜਾਵੇ ਅਤੇ ਪੈਨਸ਼ਨ ਲਾਈ ਜਾਵੇ। 2006 ਵਿਚ ਮਾਨਯੋਗ ਹਾਈ ਕੋਰਟ ਨੇ ਸਾਰੇ ਤੱਥਾਂ ਨੂੰ ਵਿਚਾਰਦੇ ਹੋਏ ਮੇਜਰ ਗੁਰਦਿੱਤ ਸਿੰਘ ਨੂੰ ਆਜ਼ਾਦੀ ਘੁਲਾਟੀਆ ਕਰਾਰ ਦਿੱਤਾ ਅਤੇ ਕੇਂਦਰ ਸਰਕਾਰ ਨੂੰ ਇਹ ਆਦੇਸ਼ ਦਿੱਤੇ ਕਿ ਉਸ ਨੂੰ 1990 ਤੋਂ (ਜਦ ਤੋਂ ਮੈਂ ਉਸ ਵਲੋਂ ਪਹਿਲੀ ਦਰਖਾਸਤ ਦਿੱਤੀ ਸੀ) ਪੈਨਸ਼ਨ 6% ਵਿਆਜ ਨਾਲ ਲਾਈ ਜਾਵੇ ਜਿਸ ਨੂੰ ਸਰਕਾਰ ਨੇ ਮੰਨ ਲਿਆ। ਮੇਜਰ ਗੁਰਦਿੱਤ ਸਿੰਘ ਪਿੰਡ ਬਲੜਵਾਲ ਵਿਚੋਂ ਆਪਣੇ ਪਰਿਵਾਰ ਨਾਲ ਜ਼ਮੀਨ ਵੇਚ ਕੇ ਯੂ.ਪੀ. ਦੇ ਜ਼ਿਲ੍ਹਾ ਪੀਲੀਭੀਤ ਵਿਚ ਜਾ ਕੇ ਵੱਸ ਗਿਆ ਸੀ ਜਿੱਥੇ ਉਹ ਖੇਤੀਬਾੜੀ ਦਾ ਕੰਮ ਕਰਦੇ ਰਹੇ। ਚੰਗੇ ਹਾਲਾਤ ਨਾ ਹੋਣ ਕਰਕੇ ਉਸ ਦੇ ਲੜਕੇ ਜੋ ਛੋਟੀ ਜਮਾਤ ਵਿਚ ਅੰਗਰੇਜ਼ੀ ਸਕੂਲ ਵਿਚ ਪੜ੍ਹਦੇ ਸਨ ਉਹ ਵੀ ਵਿੱਦਿਆ ਤੋਂ ਵਾਂਝੇ ਰਹਿ ਗਏ। 20 ਦਸੰਬਰ 2015 ਨੂੰ ਮੇਜਰ ਗੁਰਦਿੱਤ ਸਿੰਘ ਲਗਪਗ 100 ਸਾਲ ਦੀ ਆਯੂ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਪੀਲੀਭੀਤ ਜ਼ਿਲ੍ਹੇ ਵਿਚ ਉਨ੍ਹਾਂ ਦੇ ਪਿੰਡ ਵਿਖੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸਾਡੇ ਭਾਈਚਾਰੇ ਲਈ ਇਹ ਬੜੀ ਗੌਰਵ ਦੀ ਗੱਲ ਹੈ ਕਿ ਨੌਜਵਾਨ ਅਫਸਰ ਨੇ ਜਿਸ ਨੇ ਸ਼ਾਇਦ ਬਹੁਤ ਵੱਡੀ ਤਰੱਕੀ ਕਰਨੀ ਸੀ ਆਪਣੇ ਪਰਿਵਾਰ ਦਾ ਖਿਆਲ ਨਾ ਕਰਦੇ ਹੋਏ ਦੇਸ਼ ਦੀ ਆਜ਼ਾਦੀ ਲਈ ਆਪਣੀ ਨੌਕਰੀ ਦਾਅ ਤੇ ਲਾ ਦਿੱਤੀ। ਅਜਿਹੇ ਆਜ਼ਾਦੀ ਘੁਲਾਟੀਆ ਨੂੰ ਲੋਕ ਹਮੇਸ਼ਾ ਯਾਦ ਰੱਖਣਗੇ।

ਮੇਜਰ ਨਰਿੰਦਰ ਸਿੰਘ ਜੱਲੋ

# ਮਰਨ-ਚਿੰਤਾ ਕਰਨੀ ਚਾਹੀਦੀ ਹੈ

ਅੱਜ ਦੁਨੀਆਂ ਬਹੁਤ ਅੱਗੇ ਵਧ ਚੁੱਕੀ ਹੈ, ਆਪਣੀ ਦਿਮਾਗ਼ੀ ਕਾਢ ਨੂੰ ਬਹੁਤ ਚਮਕਾ ਰਹੀ ਹੈ, ਹਰ ਪਾਸੇ ਨਵੀਆਂ ਹੀ ਸੋਚਾਂ ਸੋਚੀਆਂ ਜਾ ਰਹੀਆਂ ਹਨ। ਅੱਜ ਤੋਂ ਪਹਿਲਾਂ ਵੀ ਸੋਚਾਂ ਸੋਚੀਆਂ ਜਾਂਦੀਆਂ ਸਨ, ਹਰ ਸਮੇਂ ਆਪਣੇ ਵਕਤ ਮੁਤਾਬਕ ਹਰ ਗੱਲ ਸਿਰੇ ਚੜ੍ਹਦੀ ਰਹੀ ਹੈ, ਪਰ ਜਿਸ ਵੇਲੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ, ਉਸ ਵੇਲੇ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸੀਸ ਦਿੱਲੀ ਤੋਂ ਸ੍ਰੀ ਆਨੰਦਪੁਰ ਸਾਹਿਬ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸ ਪੁੱਜਿਆ ਸੀ ਅਤੇ ਸਾਰੀ ਵਾਰਤਾ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸੁਣਾਈ, ਜਿਸ ਤੇ ਸਾਹਿਬਾਂ ਨੇ ਪਿਤਾ ਜੀ ਦੇ ਸੀਸ ਦੇ ਦਰਸ਼ਨ ਸੰਗਤਾਂ ਨੂੰ ਕਰਾਏ ਅਤੇ ਸਾਰੀ ਵਾਰਤਾ ਸ਼ਹਾਦਤ ਤੋਂ ਸੰਗਤਾਂ ਨੂੰ ਭਲੀ ਪ੍ਰਕਾਰ ਜਾਣੂੰ ਕਰਾਇਆ, ਜਿਸ ਤੇ ਸੰਗਤਾਂ ਸੋਚਾਂ ਵਿਚ ਪੈ ਗਈਆਂ ਅਤੇ ਆਪਣੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਝੜੀ ਲਾ ਦਿੱਤੀ। ਸੰਗਤਾਂ ਪ੍ਰਤੀ ਸਾਹਿਬਾਂ ਅਪੀਲ ਕੀਤੀ ਕਿ ਮਹਾਰਾਜ ਦੀ ਸ਼ਹਾਦਤ ਤੇ ਸਾਨੂੰ ਅੱਥਰੂ ਨਹੀਂ ਕੇਰਨੇ ਚਾਹੀਦੇ, ਕਿਉਂਕਿ ਉਨ੍ਹਾਂ ਨੇ ਤਾਂ ਹਿੰਦੂ ਧਰਮ ਦੀ ਰਾਖੀ ਖਾਤਰ ਬਹੁਤ ਵੱਡਾ ਸਾਕਾ ਕਰ ਵਿਖਆਇਆ ਹੈ, ਉਹ ਤਾਂ ਸਾਡੇ ਵਾਸਤੇ ਇਕ ਗਾਡੀ ਰਾਹ ਬਣਾ ਗਏ ਹਨ, ਜੋ ਆਪ ਜੀ ਬਾਣੀ ਦੁਆਰਾ ਸੰਗਤਾਂ ਨੂੰ ਇਉਂ ਦੱਸਿਆ –


**ਗਿ. ਮਲਕੀਤ ਸਿੰਘ ਡੱਲਾ**
**ਸਾਬਕਾ ਪ੍ਰਚਾਰਕ**
**ਸ਼੍ਰੋਮਣੀ ਅਕਾਲੀ ਦਲ**
**ਪਿੰਡ ਡੱਲਾ,**
**ਡਾ. ਬਹਿਰਾਮਪੁਰ ਬੇਟ,**
**ਜ਼ਿਲ੍ਹਾ ਰੋਪੜ**




**'ਤਿਲਕ ਜੰਞੂ ਰਾਖਾ ਪ੍ਰਭ ਤਾਕਾ,**
**ਕੀਨੋ ਬਡੋ ਕਲੂ ਮਹਿ ਸਾਕਾ॥**
**ਧਰਮ ਹੇਤ ਸਾਕਾ ਜਿਨ ਕੀਆ, ਸੀਸ ਦੀਆ ਪਰ ਸਿਰਰ ਨ ਦੀਆ।**
**ਸਾਧਨ ਹੇਤ ਇਤੀ ਜਿਨ ਕਰੀ, ਸੀਸ ਦੀਆ ਪਰ ਸੀ ਨ ਉਚਰੀ॥'**

ਸੰਸਾਰ ਵਿਚ ਸੂਰਮਿਆਂ ਨੂੰ ਇਹੀ ਮਰਨੇ ਦਾ ਹੱਕ ਹੈ ਕਿ ਜੋ ਦੂਜਿਆਂ ਦੀ ਖਾਤਰ ਆਪਣਾ ਸਭ ਵਾਰ ਦੇਂਦੇ ਹਨ।

**'ਮਰਣਾ ਮੁਣਸਾ ਸੂਰਿਆ ਹੱਕ ਹੈ ਜੇ ਹੋਇ ਮਰਣ ਪ੍ਰਵਾਨੇ।'**

ਬਾਣੀ ਵਿਚ ਹੋਰ ਵੀ ਸਪੱਸ਼ਟ ਕਰ ਦਿੱਤਾ ਗਿਆ ਹੈ –

**'ਕਬੀਰ ਮਰਤਾ ਮਰਤਾ ਜਗ ਮੂਆ ਮਰ ਭੀ ਨ ਜਾਣੈ ਕੋਇ॥**
**ਐਸੀ ਮਰਨੀ ਜੋ ਮਰੈ ਬਹੁੜ ਨ ਮਰਨਾ ਹੋਇ।'**

ਇਹ ਨਹੀਂ ਕਿ ਆਪਣੀ ਚੌਧਰ ਮਜ਼ਬੂਤ ਕਰਨ ਦੀ ਖਾਤਰ ਧਰਮ ਨੂੰ ਵੀ ਛੱਡ ਜਾਏ, ਕੌਮ ਨੂੰ ਵੀ ਦੂਜਿਆਂ ਦੇ ਹੱਥਾਂ ਵਿਚ ਵੇਚ ਜਾਏ ਜਿਸ ਤਰ੍ਹਾਂ ਕਿ ਅੱਜਕਲ੍ਹ ਸ. ਹੁਕਮ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਕਹਿ ਰਹੇ ਹਨ ਕਿ ਹੁਣ ਪੰਜਾਬੀ ਸੂਬੇ ਦੀ ਲੋੜ ਨਹੀਂ, ਕਿਉਂਕਿ ਹੁਣ ਇਨ੍ਹਾਂ ਨੂੰ ਵਜ਼ਾਰਤੀ ਕੁਰਸੀਆਂ ਮਿਲੀਆਂ ਹੋਈਆਂ ਹਨ। ਜਦ ਮਈ ੧੯੫੫ ਵਿਚ ਵਜ਼ਾਰਤੀ ਕੁਰਸੀਆਂ ਨਹੀਂ ਸੀ, ਉਸ ਵੇਲੇ ਪੰਜਾਬੀ ਸੂਬੇ ਦੀ ਲੋੜ ਸੀ ਅਤੇ ਹੁਣ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਅਸੀਂ ਧਰਮ ਨਿਰਪੇਖ ਹਾਂ ਜੱਟ ਕੁਰਸੀ ਨਹੀਂ ਸੀ ਧਰਮ ਯੁੱਧ ਦੇ ਨਾਉਂ ਤੇ ਮੋਰਚੇ ਲਾਉਂਦੇ ਸਨ। ਐਸੇ ਬੰਦਿਆਂ ਦੀ ਜੱਗ ਵਿਚ ਲੋੜ ਨਹੀਂ ਸੀ। ਖੁਦਗਰਜ਼ੀ ਲਈ ਲੜਾਈ ਕਰਦੇ ਹਨ। ਇਸ ਸੰਸਾਰ ਵਿਚ ਐਸੇ ਹੀ ਮਹਾਂਪੁਰਸ਼ ਹੋਣੇ ਚਾਹੀਦੇ ਹਨ, ਜਿਨ੍ਹਾਂ ਮੌਤ ਭੇਦ ਨੂੰ ਲੱਭ ਲਿਆ ਹੋਵੇ, ਉਹੀ ਮਹਾਂਪੁਰਸ਼ ਹੋ ਸਕਦੇ ਹਨ, ਉਹੀ ਸੰਤ ਹਨ, ਜੋ ਦੂਸਰਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਦੇਂਦੇ ਹਨ, ਉਨ੍ਹਾਂ ਦੀ ਸ਼ਹਾਦਤ ਤੇ ਸਾਨੂੰ ਕੋਈ ਅਫ਼ਸੋਸ ਨਹੀਂ ਕਰਨਾ ਚਾਹੀਦਾ, ਕਿਉਂਕਿ ਉਹ ਤਾਂ ਮਿਸ਼ਨ ਪੂਰਾ ਕਰਕੇ ਵਾਹਿਗੁਰੂ ਦੇ ਦਰ ਤੇ ਪਰਵਾਨ ਹੋ ਜਾਂਦੇ ਹਨ। ਮਹਾਰਾਜ ਨੇ ਸੰਗਤਾਂ ਪਰਥਾਏ ਇਉਂ ਦੱਸਿਆ –

**'ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪਨੋ ਗ੍ਰਿਹਿ ਜਾਇ॥**
**ਰੋਵਹੁ ਸਾਕਤ ਬਪੜੇ ਜੋ ਹਾਟਿ ਹਾਟ ਬਕਾਇ।'**

ਸਾਕਤ ਕੌਣ ਹੈ –

**'ਸੋਚੀਏ ਬਿਪਰਜੇ ਵੇਦ ਵਿਹੂਨਾ, ਤਜੀਨਿਜ ਧਰਮ ਵਿਸ਼ੇ ਲੋਭੀਨਾ।'**

ਐਸੇ ਬ੍ਰਾਹਮਣ ਦੀ ਮੌਤ ਤੇ ਫਿਕਰ ਕਰਨਾ ਜ਼ਰੂਰੀ ਹੈ ਕਿ ਜਿਸ ਨੇ ਵੇਦ ਦਾ ਸਵਾਧਾਇ (ਪਾਠ) ਨਹੀਂ ਕੀਤਾ ਅਤੇ ਧਰਮ ਦੇ ਮਾਰਗ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਵੱਲ ਦੌੜਦਾ ਰਿਹਾ।

**'ਸੋਚੀਏਨਰਪਤੀ ਜੋ ਨੀਤੀਨਜਾਨਾ,**
**ਜਾਹੀ ਨ ਪਰਜਾ ਪਰਯੇ ਪ੍ਰਾਨਸਮਾਨਾ।'**

ਉਸ ਰਾਜੇ ਦੇ ਮਰਨ ਪਿਛੋਂ ਸੋਚਣ ਦੀ ਲੋੜ ਹੈ ਜੋ ਨੀਤੀ ਨਹੀਂ ਜਾਣਦਾ ਤੇ ਪਰਜਾ ਦੇ ਨਾਲ ਪਿਆਰ ਨਹੀਂ ਕਰਦਾ ਰਿਹਾ।

**'ਸੋਚੀਏ ਦੇਸ਼ ਕਿਰਪਨ ਧਨਵਾਨੂੰ, ਜੋ ਨਾ**
**ਅਤਥੀ ਸ਼ਿਵ ਭਗਤਿ ਸੁਜਾਨੂੰ।'**

ਐਸੇ ਦੇਸ਼ ਵਪਾਰੀ ਦੀ ਮੌਤ ਪਰ ਚਿੰਤਾ ਕਰਨੀ ਚਾਹੀਦੀ ਹੈ, ਜੋ ਮਾਲਦਾਰ ਹੁੰਦੇ ਹੋਏ ਵੀ ਦੇਸ਼ ਭਲਾਈ ਤੇ ਗਰੀਬ ਮਾਸੂਮ ਜਨਤਾ ਆਤਥੀਆਂ ਦੀ ਸੇਵਾ ਵਿਚ ਧਨ ਨੂੰ ਲਾਉਣ ਤੋਂ ਸੰਕੋਚ ਨਹੀਂ ਕਰਦਾ ਹੈ, ਅਤੇ ਉਸ ਕਲਿਆਨਕਾਰੀ ਪ੍ਰਭੂ ਦੀ ਭਗਤੀ ਤੋਂ ਆਪਣੇ ਮਨ ਨੂੰ ਦੂਰ ਲੈ ਜਾਂਦਾ ਹੈ।

**'ਸੋਚੀਏ ਪੁਨੀ ਪਤੀ ਵਿਨਚਕਨਾਈ,**
**ਕੁਟਲ ਕੁਲਹਾ ਪਰਯੇ ਇਛਿਆਚਾਰੀ।'**

ਐਸੀ ਇਸਤਰੀ ਦੀ ਮੌਤ ਪਰ ਚਿੰਤਾ ਜ਼ਰੂਰੀ ਹੈ, ਜਿਸ ਨੇ ਆਪਣੇ ਪਤੀ ਨਾਲ ਆਪਣੀ ਜ਼ਿੰਦਗੀ ਵਿਚ ਧੋਖਾ ਕੀਤਾ ਹੋਵੇ। ਜੋ ਕਪਟੀ ਸੁਭਾਉ ਵਾਲੀ ਅਤੇ ਆਪਣੀ ਇਛਿਆ ਅਨੁਸਾਰ ਸਭ ਕੁਝ ਕਰਦੀ ਫਿਰੇ ਤੇ ਆਪਣੇ ਪਤੀ ਦਾ ਕਿਹਾ ਨਾ ਮੰਨੇ ਤੇ ਜੋ ਨੀਚ ਅਖਲਾਕ ਵੀ ਹੋਵੇ।

**'ਸੋਚੀਏ ਬਟਿਦ੍ਰ ਬੁਤਪਰੀ ਹਰ ਦੀ,**
**ਜੋਹੀਨ ਗੁਰੂ ਅਸਵ ਉਨਵ ਸਰਹ।'**

ਐਸੇ ਬ੍ਰਹਮਚਾਰੀ ਵਿਦਿਆਰਥੀ ਦੀ ਮੌਤ ਤੇ ਚਿੰਤਾ ਲਾਜ਼ਮੀ ਹੈ, ਜੋ ਆਪਣੇ ਬਰਤ (ਬ੍ਰਹਮਚਾਰੀਆ) ਉਤੇ ਪੂਰਾ ਨਹੀਂ ਰਹਿੰਦਾ ਅਤੇ ਆਪਣੇ ਉਸਤਾਦ ਦਾ ਹੁਕਮ ਨਹੀਂ ਮੰਨਦਾ।

ਇਹਨੰ ਸਾਰੀਆਂ ਦੀ ਮ੍ਰਿਤੂ ਤੇ ਚਿੰਤਾ ਕਰਨੀ ਜ਼ਰੂਰੀ ਹੈ। ਪਰ ਇਕ ਉਹ ਹਨ ਜਿਨ੍ਹਾਂ ਦੀ ਮੌਤ ਤੇ ਚਿੰਤਾ ਨਹੀਂ ਕਰਨੀ ਚਾਹੀਦੀ। ਉਹ ਰਾਜ ਦੇ ਸੂਰਮੇ ਹਨ–

**ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤ॥**

ਕਹਾਣੀ

# ਕਾਲਾ ਗੁਲਾਬ

ਮਨਮੋਹਨ ਕੌਰ

ਕਚਹਿਰੀਆਂ ਦੇ ਬਾਹਰ ਚਾਚਾ ਜੀ ਅਰਜ਼ੀ ਨਵੀਸੀ ਦਾ ਕੰਮ ਕਰਦੇ ਸਨ, ਅਤੇ ਨਾਲ ਹੀ ਉਨ੍ਹਾਂ ਨੇ ਪਿਆਸਿਆ ਦੀ ਪਿਆਸ ਬੁਝਾਉਣ ਵਾਸਤੇ ਠੰਡੇ ਜਲ ਦੀ ਛਬੀਲ ਲਗਾਈ ਹੋਈ ਸੀ। ਕਿਸੇ ਮਹਾਤਮਾ ਨੇ ਚਾਚਾ ਜੀ ਨੂੰ ਜਲ ਦੀ ਸੇਵਾ ਕਰਨ ਵਾਸਤੇ ਪ੍ਰੇਰਿਆ ਸੀ। ਗਰਮੀਆਂ ਵਿੱਚ ਪਾਣੀ ਦੀ ਲਾਗਤ ਬਹੁਤ ਜ਼ਿਆਦਾ ਹੋ ਜਾਂਦੀ ਸੀ, ਇਸ ਕਰਕੇ ਬਰਫ਼ ਵੀ ਜ਼ਿਆਦਾ ਮੰਗਵਾਂਦੇ ਸੀ। ਕਈ ਸ਼ਰਧਾ ਕਰਕੇ ਚਾਚਾ ਜੀ ਨੂੰ ਕਹਿੰਦੇ ਕਿ ਬਰਫ ਦੀ ਸੇਵਾ ਅਸੀਂ ਕਰ ਦੇਈਏ, ਪਰ ਚਾਚਾ ਜੀ ਮਨ੍ਹਾ ਕਰ ਦਿੰਦੇ, ਕਿ ਗੁਰੂ ਆਪ ਕਰਨ ਵਾਲਾ ਹੈ, ਗਰਮੀਆਂ ਵਿੱਚ ਪਾਣੀ ਪਿਆਉਣ ਵਾਸਤੇ ਇਕ ਨੌਕਰ ਰੱਖ ਲੈਂਦੇ ਸਨ, ਇਕ ਵਾਰ ਉਨ੍ਹਾਂ ਨੇ 8-9 ਸਾਲ ਦਾ ਮੁੰਡੂ ਰੱਖਿਆ। ਉਸ ਨੂੰ ਉਸਦਾ ਦੂਰ ਪਾਰ ਦਾ ਮਾਮਾ ਛੱਡ ਗਿਆ ਸੀ ਤੇ ਸਾਰੀ ਜ਼ਿੰਮੇਵਾਰੀ ਚਾਚਾ ਜੀ ਨੂੰ ਸੌਂਪ ਗਿਆ ਸੀ। ਮੁੰਡੂ ਦਾ ਰੰਗ ਕਾਲਾ ਭੋਰ ਸੀ। ਚਾਚਾ ਜੀ ਨੇ ਪੁੱਛਿਆ ਤੇਰਾ ਕੀ ਨਾਮ ਹੈ, ਉਹ ਕਹਿੰਦਾ ਗੁਲਾਬ। ਅੱਛਾ ਕਾਲਾ ਗੁਲਾਬ ਏ ਤੂੰ/ ਗੁਲਾਬ ਸਾਰਾ ਦਿਨ ਛਬੀਲ ਤੇ ਪਾਣੀ ਦੀ ਸੇਵਾ ਕਰਦਾ ਜ਼ਰੂਰਤ ਮੁਤਾਬਿਕ ਟੱਬਾਂ ਵਿੱਚ ਬਰਫ਼ ਤੋੜ ਕੇ ਪਾਉਂਦਾ ਰਹਿੰਦਾ। ਚਾਚਾ ਜੀ ਜਿਸ ਵਕਤ ਛੁੱਟੀ ਕਰਦੇ ਉਸ ਨੂੰ ਅਵਾਜ਼ ਮਾਰਦੇ, ਕਾਲੇ ਗੁਲਾਬ ਚੱਲ ਘਰ ਚੱਲੀਏ ਘਰ ਆ ਕੇ ਚਾਹ ਪਾਣੀ ਪੀ ਕੇ ਘਰ ਦੇ ਛੋਟੇ ਮੋਟੇ ਕੰਮ ਕਰ ਦਿੰਦਾ।

ਰਾਤ ਨੂੰ ਖਾਣਾ-ਖਾਣ ਵਕਤ ਸਾਰਿਆਂ ਨਾਲ ਬੈਠ ਕੇ ਖਾਣਾ ਖਾਂਦਾ, ਚਾਚਾ ਜੀ ਨੇ ਦੇਖਿਆ ਇਹ 10-15 ਫੁਲਕੇ ਖਾਂਦਾ ਹੈ, ਚਾਚਾ ਜੀ ਨੇ ਪਿਆਰ ਭਰੀ ਝਿੜਕੀ ਦਿੱਤੀ। "ਗੁਲਾਬ ਤੂੰ ਕੰਮ ਘੱਟ ਕਰਦੈਂ ਤੇ ਫੁਲਕੇ ਜ਼ਿਆਦਾ ਖਾਂਦੈਂ। ਤੂੰ ਰੋਟੀ ਖਾਣ ਤੋਂ ਪਹਿਲਾਂ 5-7 ਗਿਲਾਸ ਪਾਣੀ ਪੀ ਲਿਆ ਕਰ, ਖੋਤਿਆ ਤੇਰੀ ਭੁੱਖ ਘੱਟ ਜਾਇਆ ਕਰਸੀ", ਚਾਚਾ ਜੀ ਨੇ ਚਾਚੀ ਜੀ ਨੂੰ ਗੁੱਸੇ ਨਾਲ ਟੋਕਿਆ "ਭਲੇ ਲੋਕੋ ਕੀ ਕਹਿੰਦੇ ਪਇਓ, ਇਸ ਦੀਆਂ ਆਂਦਰਾ ਭੁੱਖੀਆਂ ਹਨ। ਜਿਵੇਂ-ਜਿਵੇਂ ਘਿਓ ਦੀ ਰੋਟੀ ਖਾਸੀ ਤਾਂ ਇਸ ਦੀ ਭੁੱਖ ਘੱਟ ਹੋ ਜਾਸੀ, ਪ੍ਰਮਾਤਮਾ ਦਾ ਦਿੱਤਾ ਸਭ ਕੁੱਝ ਹੈ ਜਿਤਨਾ ਅੰਨ ਜਲ ਇਸ ਦਾ ਇੱਥੇ ਹੈ, ਖਾਸੀ। ਪਤਾ ਨਹੀਂ ਵਿਚਾਰਾ ਪਹਿਲਾਂ ਕਦੇ ਰੱਜ ਕੇ ਖਾਂਦਾ ਹੋਏ ਕਿ ਨਹੀਂ, ਗ਼ਰੀਬ ਦਾ ਮੂੰਹ ਰਬ ਦੀ ਗੋਲਕ ਹੈ।" ਉਹ ਘਿਓ ਵਿੱਚ ਗੁੰਨ ਕੇ ਗੁਲਾਬ ਨੂੰ ਰੋਟੀ ਖੁਵਾਉਂਦੇ। ਇਕ ਦਿਨ ਛਬੀਲ ਦੀ ਸੇਵਾ ਕਰਨ ਤੋਂ ਬਾਅਦ ਗੁਲਾਬ ਘਰ ਆਇਆ ਤਾਂ ਉਸ ਦੀਆਂ ਹੱਥਾਂ-ਪੈਰਾਂ ਦੀਆਂ ਉਂਗਲਾਂ ਗਲੀਆਂ ਹੋਈਆਂ ਸਨ, ਚਾਚੀ ਜੀ ਨੇ ਉਦਾਸ ਦੇਖ ਕਿ ਪੁੱਛਿਆ ਤਾਂ ਉਸ ਨੇ ਆਪਣੇ ਹੱਥ-ਪੈਰ ਦਿਖਾਏ, ਕੋਈ ਗੱਲ ਨਹੀਂ ਪਾਣੀ ਵਿੱਚ ਖੜ੍ਹੇ ਰਹਿਣ ਕਰਕੇ ਗਲ ਗਈਆਂ ਹਨ। ਚਾਚੀ ਜੀ ਨੇ ਤੇਲ ਹਲਦੀ ਦਾ ਲੇਪ ਬਣਾ ਕੇ ਲਗਾ ਦਿੱਤਾ, ਉਸ ਨੂੰ ਚੈਨ ਆ ਗਿਆ। ਜੇ ਘਰ ਵਿੱਚ ਮੱਲ੍ਹਮ ਲਗਾਉਣ ਵਾਲਾ ਕੋਈ ਨਾ ਹੁੰਦਾ ਤਾਂ ਮੈਂ ਗੁਲਾਬ ਨੂੰ ਮੱਲ੍ਹਮ ਲਗਾ ਦਿੰਦੀ। ਮੇਰੇ ਮਨ ਨੂੰ ਬੜਾ ਸਕੂਨ ਮਿਲਦਾ ਪਤਾ ਨਹੀਂ ਉਸ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਚਮਕ ਸੀ। ਮੱਲ੍ਹਮ ਲਗਾਉਣ ਤੋਂ ਬਾਅਦ ਕਹਿੰਦਾ ਬੇਬੀ, ਜਬ ਆਪ ਮੱਲ੍ਹਮ ਲਗਾਤੇ ਹੋ ਤੋ ਅੱਛਾ ਲੱਗਤਾ ਹੈ।

ਸਾਡਾ ਸਾਂਝਾ ਪਰਿਵਾਰ ਸੀ। ਸਾਰੇ ਇਕੱਠੇ ਹੀ ਰਹਿੰਦੇ ਸੀ। ਮੈਂ ਉਸ ਵਕਤ ਦਸਵੀਂ ਵਿੱਚ ਪੜ੍ਹਦੀ ਸੀ, ਮੈਨੂੰ ਪੜ੍ਹਦਾ ਦੇਖ ਕਿ ਉਹ ਵੀ ਕ ਖ ਮੇਰੀ ਦਿੱਤੀ ਹੋਈ ਕਾਪੀ ਤੇ ਲਿਖਣ ਦੀ ਕੋਸ਼ਿਸ਼ ਕਰਦਾ। ਰੰਗ ਦਾ ਕਾਲਾ ਹੋਣ ਦੇ ਬਾਵਜੂਦ ਵੀ ਉਹ ਸੋਹਣਾ ਲੱਗਦਾ ਸੀ। ਉਸ ਦੀਆਂ ਬੜੀਆਂ ਚਮਕੀਲੀਆਂ ਅੱਖਾਂ ਸਨ, ਜਦੋਂ ਹੱਸਦਾ ਸੀ ਤਾਂ ਉਸ ਦੇ ਚਿੱਟੇ ਕਲੀਆਂ ਵਰਗੇ ਦੰਦ ਬਹੁਤ ਖ਼ੂਬਸੂਰਤ ਲੱਗਦੇ ਸਨ। ਘਰ ਦਾ ਅੱਛਾ ਖਾਣਾ-ਪੀਣਾ ਮਿਲਣ ਕਰਕੇ ਉਸ ਦਾ ਸ਼ਰੀਰ ਭਰ ਗਿਆ ਸੀ, ਜੇ ਉਹ ਸਾਰਿਆਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਦਾ ਸੀ ਤਾਂ ਸਾਰੇ ਉਸ ਨੂੰ ਵੀ ਬਹੁਤ ਪਿਆਰ ਕਰਦੇ ਸਨ। ਪਰਿਵਾਰ ਵਿੱਚ ਇਕ ਮੈਂਬਰ ਦੀ ਤਰ੍ਹਾਂ ਉਸ ਨੇ ਆਪਣੀ ਜਗ੍ਹਾ ਬਣਾ ਲਈ ਸੀ। ਇਕ ਦਿਨ ਵੱਡਾ ਵੀਰ ਫ਼ਿਲਮ ਦੇਖਣ ਜਾਣ ਲੱਗਿਆ, ਗੁਲਾਬ ਕਹਿੰਦਾ "ਮੈਂ ਵੀ ਫ਼ਿਲਮ ਦੇਖਣੀ ਹੈ", ਵੀਰ ਮੇਰੇ ਵੱਲ ਵੇਖਣ ਲੱਗਾ, ਮੈਂ ਉਸ ਦੀ ਹਾਮੀ ਭਰ ਦਿੱਤੀ "ਵੀਰ ਲੈ ਜਾਹ।" ਫ਼ਿਲਮ ਦੇਖ ਕੇ ਵਾਪਿਸ ਆਇਆ ਤਾਂ ਬਹੁਤ ਖ਼ੁਸ਼ ਸੀ, ਫ਼ਿਲਮ ਦੀ ਸਾਰੀ ਸਟੋਰੀ ਮੈਨੂੰ ਸੁਣਾਈ।

ਮੈਨੂੰ ਕਹਿਣ ਲੱਗਿਆ "ਦੀਦੀ ਤੂੰ ਮੁਝੇ ਮੁਮਤਾਜ਼ ਜੈਸੀ ਲਗਤੀ ਹੋ, ਮੈਂ ਵੀ ਤੁਝੇ ਵੈਸੇ ਹੀ ਪਸੰਦ ਕਰਤਾ ਹੂੰ ਜੈਸੇ ਰਾਜੇਸ਼ ਖੰਨਾ ਉਸੇ ਚਾਹਤਾ ਹੈ।" ਮੈਂ ਉਸ ਦੇ ਹਲਕੀ ਜਿਹੀ ਚਪੇੜ ਲਗਾਈ, ਬੋਲੀ ਗਧੇ ਐਸੇ ਨਹੀਂ ਬੋਲਤੇ। ਕੋਲ ਚਾਚੀ ਜੀ ਬੋਲੇ, "ਵੇ ਸਿਰ ਸੜਿਆ ਮਸਤ ਗਿਆ ਏ, ਤੂੰ ਕੁੱਤਿਆ ਕੰਜਰਾ, ਇਹ ਤਾਂ ਤੇਰੀ ਭੈਣ ਲੱਗਦੀ ਹੈ।" ਮੈਂ ਪਹਿਲਾਂ ਵੀ ਮਹਿਸੂਸ ਕਰਦੀ ਸੀ ਕਿ ਉਹ ਮੇਰੇ ਨਾਲ ਗੱਲ ਕਰਨ ਦਾ ਬਹਾਨਾ ਲੱਭਦਾ ਹੈ ਕਿਸੀ ਦੇ ਕੰਮ ਜਾ ਰਿਹਾ ਹੋਵੇ। "ਦੀਦੀ ਆਪ ਨੇ ਕੁਝ ਮੰਗਵਾਨਾ ਹੈ", ਮੈਂ ਕਹਿੰਦੀ "ਸਿਰ ਨਾ ਖਾਹ ਮੈਨੂੰ ਪੜ੍ਹਨ ਦੇ।" ਕੁੱਛ ਨਾ ਕੁੱਛ ਬੋਲਦਾ ਰਹਿੰਦਾ, ਜੇ ਉਸ ਦੀ ਅਵਾਜ਼ ਨਾ ਆਉਂਦੀ ਤਾਂ ਮੈਂ ਇੱਧਰ-ਉਧਰ ਦੇਖਣ ਲੱਗ ਜਾਂਦੀ, ਸੋਚਦੀ ਕਿੰਨਾ ਭੋਲਾ ਹੈ। ਗਰਮੀਆਂ ਖ਼ਤਮ ਹੁੰਦੇ ਹੀ ਪਾਣੀ ਦਾ ਕੰਮ ਘੱਟ ਗਿਆ ਸੀ। ਚਾਚਾ ਜੀ ਨੇ ਗੁਲਾਬ ਨੂੰ ਗੁਲਾਬ ਜਾਮਨ ਵੇਚਣ ਵਾਲੇ ਦੀ ਰੇਹੜੀ ਤੇ ਨੌਕਰ ਕਰਾ ਦਿੱਤਾ। ਰੇਹੜੀ ਛਬੀਲ ਦੇ ਨਾਲ ਹੀ ਲੱਗਦੀ ਸੀ। ਟਾਈਮ ਪਾ ਕੇ ਆਪਣੀ ਮਿਹਨਤ ਨਾਲ ਉਸ ਨੇ ਆਪਣੀ ਰੇਹੜੀ ਬਣਾ ਲਈ, ਸਰਦੀਆਂ ਵਿੱਚ ਗੁਲਾਬ ਜਾਮਨ ਟਿੱਕੀਆਂ ਅਤੇ ਗਰਮੀਆਂ ਵਿੱਚ ਗੰਨੇ ਦਾ ਰੱਸ ਵੇਚਦਾ।

ਇਕ ਦਿਨ ਮੈਨੂੰ ਦੱਸਣ ਲੱਗਿਆ "ਘਰ ਵਿੱਚ ਅੰਨ੍ਹੀ ਮਾਂ ਇੱਕ ਜਵਾਨ ਭੈਣ ਤੇ ਇੱਕ ਭਰਾ ਹੈ।" ਅੱਖਾਂ ਭਰ ਕੇ ਕਹਿਣ ਲੱਗਾ "ਮੈਂ ਬਹੁਤ ਮਿਹਨਤ ਕਰਕੇ ਬਹੁਤ ਪੈਸੇ ਇਕੱਠੇ ਕਰਾਂਗਾ, ਆਪਣੀ ਮਾਂ ਦੀਆਂ ਅੱਖਾਂ ਦਾ ਅਪ੍ਰੇਸ਼ਨ ਕਰਵਾਵਾਂਗਾ ਅਤੇ ਭੈਣ ਦੀ ਸ਼ਾਦੀ ਕਰਵਾਵਾਂਗਾ।" ਉਸ ਦੇ ਮਨ ਦੀ ਲਗਨ ਉਸ ਦੇ ਚਿਹਰੇ ਤੇ ਝਲਕਦੀ ਸੀ।

ਮੈਂ ਪੰਜ-ਛੇ ਵਰ੍ਹੇ ਪੜ੍ਹਾਈ ਵਿੱਚ ਰੁੱਝ ਗਈ ਸਾਂ, ਇਸ ਲਈ ਗੁਲਾਬ ਮੇਰੀਆਂ ਯਾਦਾਂ ਵਿੱਚ ਧੁੰਦਲਾ ਅਕਸ ਜਿਹਾ ਬਣ ਗਿਆ ਸੀ ਪਰ ਉਸ ਦੀਆਂ ਗੱਲਾਂ ਕਦੇ-ਕਦੇ ਦਿਮਾਗ ਵਿੱਚ ਘੁੰਮਦੀਆਂ ਸਨ। ਕਿਤਨਾ ਭੋਲਾਪਨ ਸੀ ਉਸ ਵਿੱਚ। ਬੀ.ਐਡ. ਕਰਨ ਤੋਂ ਬਾਅਦ ਮੇਰੀ ਸ਼ਾਦੀ ਸ਼ਹਿਰ ਵਿੱਚ ਹੀ ਹੋ ਗਈ।

ਇੱਕ ਦਿਨ ਸ਼ਾਮ ਨੂੰ ਅਸੀਂ ਘੁੰਮਣ ਵਾਸਤੇ ਗਏ ਤਾਂ ਫਾਟਕ ਬੰਦ ਹੋਣ ਕਰਕੇ ਸਕੂਟਰ ਖੜ੍ਹਾ ਕਰਕੇ, ਸਾਈਡ ਤੇ ਫਾਟਕ ਖੁਲਣ ਦਾ ਇੰਤਜ਼ਾਰ ਕਰਨ ਲੱਗੇ ਕੋਲ ਹੀ ਗੁਲਾਬ ਜਾਮਨ ਦੀ ਰੇਹੜੀ ਲਗਾਈ ਗੁਲਾਬ ਦੀਆਂ ਤੇਜ਼ ਨਜ਼ਰਾਂ ਨੇ ਮੈਨੂੰ

ਪਛਾਣ ਲਿਆ। ਉਹ ਮੈਨੂੰ ਉਚੀ-ਉਚੀ ਅਵਾਜ਼ ਦੇਣ ਲੱਗਿਆ "ਬੇਬੀ, ਬੇਬੀ ਇੱਧਰ ਆਓ ਰੇਹੜੀ ਕੇ ਪਾਸ ਆਪ ਗਰਮ-ਗਰਮ ਗੁਲਾਬ ਜਾਮਨ ਖਾਓ।" ਮੈਂ ਹੈਰਾਨ ਹੋ ਕਿ ਅਵਾਜ਼ ਵੱਲ ਵੇਖਿਆ ਤੇ ਬੋਲਿਆ "ਐ ਹੋ, ਇਹ ਤਾਂ ਸ਼ਰਾਰਤੀ ਗੁਲਾਬ ਏ।" "ਦੀਦੀ ਤੂੰ ਮੁਝੇ ਚੀਨਤ (ਪਹਿਚਾਣ) ਨਹੀਂ।" ਮੈਂ ਇਨ੍ਹਾਂ ਨਾਲ ਰੇਹੜੀ ਦੇ ਕੋਲ ਗਈ ਤੇ ਬੋਲੀ ਗੁਲਾਬ "ਤੁਮ ਕਹਾ ਚਲੇ ਗਏ ਥੇ", "ਦੀਦੀ ਮੈਂ ਲੁਧਿਆਣਾ ਚਲਾ ਗਿਆ ਥਾ, ਮੁਝੇ ਵਹਾਂ ਪਰ ਹੋਟਲ ਮੇਂ ਬਰਤਨ ਧੋਨੇ ਕਾ ਕਾਮ ਮਿਲ ਗਿਆ ਥਾ, ਵਹਾਂ ਪਰ ਮੈਨੇ ਤੀਨ ਸਾਲ ਲਗਾਏ। ਬਰਤਨ ਧੋਨੇ ਸੇ, ਮੇਰੇ ਹਾਥ ਖ਼ਰਾਬ ਹੋਨੇ ਲਗੇ", ਉਸ ਨੇ ਮੈਨੂੰ ਹੱਥ ਦਿਖਾਏ। ਪਹਿਲੇ ਦੀ ਤਰ੍ਹਾ ਖ਼ਰਾਬ ਸਨ। ਮੈਂ ਦਵਾ ਲੇਨੇ ਤੇਰੇ ਘਰ ਗਯਾ ਥਾ, ਚਾਚੀ ਜੀ ਨੇ ਬਤਾਇਆ ਤੇਰਾ ਵਿਆਹ ਹੋ ਗਿਆ ਹੈ, ਚਾਚੀ ਜੀ ਨੇ ਮੁਝੇ ਦਵਾ ਦੇ ਦੀ ਥੀ। ਇਸੀ ਲੀਏ ਮੈਨੇ ਆਪਣਾ ਪੁਰਾਨਾ ਕਾਮ ਸ਼ੁਰੂ ਕਰ ਦੀਆ ਹੈ। ਇਹ ਕਹਿੰਦਿਆਂ ਹੀ ਉਸ ਨੇ ਸਾਡੇ ਹੱਥ ਵਿੱਚ ਗੁਲਾਬ ਜਾਮਨ ਦੀਆਂ ਪਲੇਟਾਂ ਦੇ ਦਿੱਤੀਆਂ। ਮੈਂ ਉਸ ਨੂੰ 100 ਦਾ ਨੋਟ ਦਿੰਦਿਆਂ ਕਿਹਾ ਘਰ ਆਈਂ ਤੇ ਨਾਲ ਹੀ ਮੈਂ ਉਸ ਨੂੰ ਆਪਣਾ ਪਤਾ ਲਿਖ ਦਿੱਤਾ ਉਹ ਕਹਿਣ ਲੱਗਾ "ਦੀਦੀ ਮੈਂ ਯੇ ਪੈਸੇ ਨਹੀਂ ਲੂਗਾ, ਲੇਕਿਨ ਤੇਰੇ ਘਰ ਜ਼ਰੂਰ ਆਉਂਗਾ। ਬੇਬੀ ਤੇਰਾ ਘਰ ਵਾਲਾ ਸੋਹਣਾ ਏ ਤੂੰ ਵੀ ਬਿੰਦੀ ਸੁਰਖੀ ਲਗਾ ਕੇ ਸੁੰਦਰ ਲਗਤੀ ਹੈ, ਬਿਲਕੁਲ ਹੀਰੋਇਨ ਮਾਫ਼ਿਕ।" ਉਹ ਮੈਨੂੰ ਚਮਕੀਲੀਆਂ ਅੱਖਾਂ ਨਾਲ ਵੇਖਣ ਲੱਗਿਆ ਮੈਂ ਉਸ ਦੇ ਸਿਰ ਤੇ ਹਲਕੀ ਜਿਹੀ ਚਪਤ ਲਗਾਈ, "ਮੋਇਆ ਇਹ ਪੈਸੇ ਲੈ ਤੇ ਹੱਥਾਂ ਦਾ ਇਲਾਜ ਕਰਵਾ। ਸਰਦਾਰ ਜੀ ਨੇ ਸੁਣ ਲਿਆ ਤਾਂ ਤੈਨੂੰ ਹੀਰੋ ਬਣਾ ਦੇਣਗੇ।" ਮੈਂ ਉਸ ਨੂੰ ਧਿਆਨ ਨਾਲ ਦੇਖਿਆ ਉਹ ਜਵਾਨੀ ਵੱਲ ਵੱਧ ਰਿਹਾ ਸੀ। ਉਸ ਦੀ ਦਾੜ੍ਹੀ ਮੁੱਛ ਫੁੱਟ ਰਹੀ ਸੀ। ਉਸ ਦਾ ਸਰੀਰ ਭਰਨ ਕਰਕੇ ਸੋਹਣਾ ਲੱਗ ਰਿਹਾ ਸੀ, ਚਿੱਟੇ ਦੰਦ ਵੀ ਉਸੀ ਤਰ੍ਹਾਂ ਚਮਕ ਰਹੇ ਸਨ। ਮੇਰੇ ਸਾਹਿਬ ਨੂੰ ਵੀ ਬੜੇ ਧਿਆਨ ਨਾਲ ਦੇਖ ਰਿਹਾ ਸੀ।

ਲੋਕਲ ਹੋਣ ਕਰਕੇ ਮੈਂ ਚਾਚਾ ਜੀ ਵੱਲ ਗਈ। ਚਾਚਾ ਜੀ ਨੇ ਦੱਸਿਆ ਕਿ ਪੰਜ, ਛੇ ਮਹੀਨੇ ਹੋਏ ਗੁਲਾਬ ਨੂੰ ਪੁਲਿਸ ਪਕੜ ਕੇ ਲੈ ਗਈ ਹੈ। ਮੇਰੇ ਪੁੱਛਣ ਤੇ ਚਾਚੀ ਜੀ ਨੇ ਦੱਸਿਆ ਕਿ ਗੁਲਾਬ ਆਪਣੀ ਰੇਹੜੀ ਤੇ ਖੜਾ ਕੰਮ ਕੰਮ ਕਰ ਰਿਹਾ ਸੀ। ਕਿਸੇ ਕਾਰ ਵਾਲੇ ਨੇ ਆਪਣੀ ਕਾਰ ਰੇਹੜੀ ਦੇ ਨੇੜੇ ਖੜੀ ਕਰਕੇ ਆਪ ਕੰਮ ਕਰਨ ਚਲਾ ਗਿਆ। ਕੁੱਝ ਦੇਰ ਬਾਅਦ ਆਇਆ ਤਾਂ ਕਹਿੰਦਾ ਮੇਰਾ ਅੰਦਰ ਪਰਸ ਨਹੀਂ ਹੈ ਤੇ ਗੁਲਾਬ ਨੂੰ ਪੁੱਛਣ ਲੱਗਾ। ਗੁਲਾਬ ਨੇ ਕਿਹਾ ਮੈਂ ਤਾਂ ਆਪਣੇ ਕੰਮ ਵਿੱਚ ਲੱਗਾ ਸੀ, ਮੈਨੂੰ ਪਤਾ ਨਹੀਂ। ਪਰ ਸਰਦਾਰ ਗਾਲ੍ਹਾਂ ਕੱਢਣ ਲੱਗਾ ਅਤੇ ਗੁਲਾਬ ਨੂੰ ਥੱਪੜ ਮਾਰੇ।

"ਤੁਮ ਭਈਆ ਲੋਕ ਪੰਜਾਬ ਮੇਂ ਆ ਕੇ ਮਸਤ ਜਾਤੇ ਓ। ਇੱਥੇ ਹੀ ਖਾਂਦੇ ਹੋ ਤੇ ਇੱਥੇ ਹੀ ਢਿੱਡ ਵਿੱਚ ਛੁਰਾ ਖੋਭਦੇ ਹੋ।" ਸਰਦਾਰ ਨੇ ਗਸ਼ਤ ਕਰਦੀ ਪੁਲਿਸ ਕੋਲ ਸ਼ਿਕਾਇਤ ਕੀਤੀ ਨੇ ਗੁਲਾਬ ਦੀ ਤਲਾਸ਼ੀ ਲਿੱਤੀ ਨੇ, ਤਾਂ ਗੁਲਾਬ ਦੀ ਦਰੀ ਹੇਠੋਂ ਉਸ ਦੀ ਆਪਣੀ ਕਮਾਈ ਦੇ 400 ਰੁਪਏ ਪਰਸ ਵਿੱਚ ਪਏ ਸਨ। ਪੁਲਿਸ ਵਾਲਾ ਕਹਿੰਦਾ ਇਹ ਕੀ ਹੈ। ਗੁਲਾਬ ਕਹਿੰਦਾ ਰਿਹਾ, "ਸਰ ਜੀ ਇਹ ਪੈਸੇ ਮੈਂ ਆਪਣੀ ਮਾਂ ਦੀਆਂ ਅੱਖਾਂ ਦੇ ਅਪਰੇਸ਼ਨ ਵਾਸਤੇ ਇਕੱਠੇ ਕੀਤੇ ਹਨ।" ਉਹ ਦੁਹਾਈ ਦਿੰਦਾ ਰਿਹਾ ਮੈਂ ਚੋਰੀ ਨਹੀਂ ਕੀਤੀ। ਪਰ ਫਿਰ ਵੀ ਪੁਲਿਸ ਵਾਲਾ ਪਕੜ ਕੇ ਲੈ ਗਿਆ।

ਤੇਰਾ ਚਾਚਾ ਨੇ ਬੰਦਿਆਂ ਨੂੰ ਨਾਲ ਲੈ ਕੇ ਥਾਣੇ ਬੜੀਆਂ ਮਿਨਤਾਂ ਕੀਤੀਆਂ ਸਨ ਪਰ ਗ਼ਰੀਬ ਦੀ ਕੌਣ ਸੁਣਦੈ, ਪੁਲਿਸ ਝੂਠਾ ਕੇਸ ਬਣਾ ਦੇਸੀ। ਕੋਈ ਤਕੜਾ ਚੜ੍ਹਾਵਾ ਦੇਵੇ ਤਾਂ ਛੋੜ ਦੇਣ। ਅਜੇ ਤਾਂ ਗ਼ਰੀਬ ਫਸ ਗਿਆ ਏ। ਪੁਲਿਸ ਵਾਲਿਆਂ ਨੇ 400 ਰੁਪਏ ਦੀ ਚੋਰੀ ਮੱਥੇ ਲਾ ਦਿੱਤੀ ਅਤੇ ਗੁਲਾਬ ਦਾ ਪਰਚਾ ਦਰਜ ਕਰ ਦਿੱਤਾ। ਉਸ ਨੂੰ ਸ਼ੈਲਟਰ ਹੋਮ ਭੇਜ ਦਿੱਤਾ। ਮੈਂ ਕਿਹਾ ਚਾਚੇ ਮੇਰਾ ਦਿਲ ਕਹਿੰਦਾ ਗੁਲਾਬ ਚੋਰੀ ਨਹੀਂ ਕਰ ਸਕਦਾ। ਫਿਰ ਇਸ ਤਰ੍ਹਾਂ ਕਿਉਂ ਹੁੰਦੇ, ਚਾਚੇ ਨੇ ਮੇਰੀ ਤਸੱਲੀ ਲਈ ਦੱਸਿਆ ਇਕ ਵਾਰੀ ਪੁਲਿਸ ਵਾਲੇ ਥਾਣੇ ਵਿੱਚ ਚੋਰ ਦੀ ਕੁਟਾਈ ਕਰ ਰਹੇ ਸਨ, ਤਾਂ ਚੋਰ ਦੀ ਮੌਤ ਹੋ ਗਈ। ਪੁਲਿਸ ਵਾਲਿਆਂ ਨੇ ਹਨੇਰੇ ਵਿੱਚ ਜਾਂਦੇ ਇਕ ਰਾਹਗੀਰ ਨੂੰ ਪਕੜ ਲਿਤਾ ਤੇ ਚੋਰ ਦੇ ਮਰਨ ਦਾ ਕੇਸ ਉਸ ਤੇ ਪਾ ਦਿੱਤਾ। ਰਾਹਗੀਰ ਸੋਚਣ ਲੱਗਾ ਰੱਬਾ ਜਦ ਮੈਂ ਬੰਦਾ ਮਾਰਿਆ ਸੀ ਤਾਂ ਮੈਂ ਬਰੀ ਹੋ ਗਿਆ ਸੀ ਕਿਉਂਕਿ ਸਬੂਤ ਨਹੀਂ ਮਿਲੇ ਸਨ, ਪਰ ਹੁਣ ਮੈਂ ਫਸ ਗਿਆ ਹਾਂ। ਫਿਰ ਕਰਮਾਂ ਦੇ ਲੇਖੇ ਨਾਲ ਚੱਲਦੇ ਰਹਿੰਦੇ ਹਨ। ਗੁਲਾਬ ਚੋਰੀ ਕਬੂਲ ਨਹੀਂ ਕਰ ਰਿਹਾ ਸੀ ਤੇ ਨਾ ਹੀ ਉਸ ਦਾ ਕੋਈ ਵਾਰਸ ਸੀ ਜੋ ਵਕੀਲ ਕਰਦਾ। ਗੁਲਾਬ, ਪੇਸ਼ੀਆਂ ਭੁਗਤ ਰਿਹਾ ਸੀ। ਅਗਲੀ ਪੇਸ਼ੀ ਫਿਰ ਉਸ ਤੋਂ ਅਗਲੀ ਪੇਸ਼ੀ। ਇਸ ਤਰ੍ਹਾਂ 2 ਸਾਲ ਨਿਕਲ ਗਏ ਪਰ ਕੇਸ ਉਥੇ ਦਾ ਉਥੇ ਹੀ ਖੜਾ ਸੀ।

ਚਾਚਾ ਜੀ ਨੇ ਮੁੱਖ ਮੰਤਰੀ ਜੀ ਨੂੰ ਚਿੱਠੀ ਲਿਖੀ ਜਿਸ ਵਿੱਚ ਗੁਲਾਬ ਦੀ ਸਾਰੀ ਸੱਚੀ ਕਹਾਣੀ ਲਿਖੀ। ਜਿਸ ਦਾ ਅਸਰ ਹੋਇਆ ਕਿ ਮੁੱਖ ਮੰਤਰੀ ਵੱਲੋਂ ਸਰਕਾਰੀ ਵਕੀਲ ਨੂੰ ਕੇਸ ਲੜ੍ਹਨ ਲਹੀ ਕਿਹਾ ਗਿਆ ਅਤੇ ਕੇਸ ਵਿੱਚ ਤੇਜ਼ੀ ਆ ਗਈ। ਚਾਚਾ ਜੀ ਨੇ ਸ਼ਹਿਰ ਦੇ ਮਸ਼ਹੂਰ ਸਮਾਜ ਸੇਵੀ ਨਾਲ ਗੱਲਬਾਤ ਕੀਤੀ। ਉਸ ਨੇ ਆਪਣੀ ਰਸੂਖ ਨਾਲ ਸਰਕਾਰੀ ਵਕੀਲ ਨੂੰ ਸਲਾਹ ਦਿੱਤੀ ਕਿ ਗੁਲਾਬ ਨੂੰ ਜ਼ੁਰਮ ਕਬੂਲ ਕਰ ਲੈਣਾ ਚਾਹੀਦਾ ਹੈ, ਕਿਉਂਕਿ ਛੋਟੇ ਮੋਟੇ ਕੇਸ ਵਿੱਚ ਥੋੜ੍ਹੀ ਸਜ਼ਾ ਹੁੰਦੀ ਹੈ। ਜਿਤਨੀ ਕਿ ਗੁਲਾਬ ਪਹਿਲਾਂ ਹੀ ਭੁਗਤ ਚੁੱਕਾ ਹੈ। ਇਸ ਤਰ੍ਹਾਂ ਗੁਲਾਬ ਜੇਲ ਵਿੱਚੋਂ ਬਾਹਰ ਆ ਜਾਵੇਗਾ। ਗੁਲਾਬ ਨੇ ਭਰੇ ਮਨ ਨਾਲ ਜ਼ੁਰਮ ਕਬੂਲ ਕਰ ਲਿਆ ਤੇ ਇਸ ਤਰ੍ਹਾਂ ਵਿਚਾਰਾ ਜੇਲ ਤੋਂ ਬਾਹਰ ਆਇਆ।

ਚਾਚਾ ਜੀ ਨੇ ਗੁਲਾਬ ਨੂੰ ਪਹਿਲਾਂ ਘਰ ਰੱਖਿਆ, ਖਾਣ-ਪੀਣ ਨੂੰ ਦਿੱਤਾ ਪਹਿਨਣ ਨੂੰ ਕੱਪੜੇ ਦਿੱਤੇ, ਜਦ ਗੁਲਾਬ ਥੋੜਾ ਸਵੱਸਥ ਲੱਗਣ ਲੱਗਾ ਤਾ ਚਾਚਾ ਜੀ ਨੇ ਉਸ ਨੂੰ ਘਰ ਜਾਣ ਲਈ ਪੈਸੇ ਦਿੱਤੇ ਕਿ ਹੁਣ ਤੂੰ ਆਪਣੀ ਮਾਂ ਕੋਲ ਪਿੰਡ ਚਲਾ ਜਾ, ਅਤੇ ਮੁੜ ਕਿ ਕਦੇ ਪੰਜਾਬ ਵਿੱਚ ਨਾ ਆਈ, ਨਹੀਂ ਤਾਂ ਪੁਲਿਸ ਫਿਰ ਤੇਰੇ ਤੇ ਕੋਈ ਝੂਠਾ ਕੇਸ ਬਣਾ ਕਿ ਪ੍ਰੇਸ਼ਾਨ ਕਰਸੀ।

ਕੁੱਝ ਸਮਾਂ ਬਾਅਦ ਗੁਲਾਬ ਦੇ ਪਿੰਡ ਦਾ ਬੰਦਾ ਗੁਲਾਬ ਦੀ ਪੜਤਾਲ ਕਰਨ ਆਇਆ ਅਤੇ ਉਸ ਨੇ ਦੱਸਿਆ ਕਿ ਜਦੋਂ ਪਿੰਡ ਪਹੁੰਚ ਕਿ ਗੁਲਾਬ ਨੂੰ ਪਤਾ ਚੱਲਿਆ ਕਿ ਉਸ ਦੀ ਭੈਣ ਨੂੰ ਗੁੰਡਿਆਂ ਨੇ ਰੇਪ ਕਰਨ ਤੋਂ ਬਾਅਦ ਗਲਾ ਘੁੱਟ ਕੇ ਮਾਰ ਦਿੱਤਾ, ਅਤੇ ਉਸ ਦੀ ਅੰਨੀ ਮਾਂ ਵੀ ਧੀ ਦੇ ਗਮ ਵਿੱਚ ਚਲ ਵਸੀ, ਛੋਟਾ ਭਰਾ ਵੀ ਭੁੱਖਾ ਪਿਆਸ ਨਾਲ ਲੜਦਾ ਪਤਾ ਨਹੀਂ ਕਿੱਧਰ ਨਿਕਲ ਗਿਆ। ਘਰ ਦਾ ਇਹੋ ਜਿਹਾ ਹਾਲ ਵੇਖ ਕੇ ਗੁਲਾਬ ਵੀ ਰੋਂਦਾ-ਧੋਂਦਾ ਰਿਹਾ ਅਤੇ ਫਿਰ ਪਤਾ ਨਹੀਂ ਕਿੱਧਰ ਨਿਕਲ ਗਿਆ। ਚਾਚਾ ਜੀ ਦੀ ਗੱਲ ਖ਼ਤਮ ਹੋਣ ਤੋਂ ਬਾਅਦ ਮੈਂ ਸੁੰਨ ਜਿਹੀ ਹੋ ਗਈ ਅਤੇ ਸੋਚਣ ਲੱਗੀ ਕਿ ਇਕ ਹੋਰ ਬਾਲ-ਮਜ਼ਦੂਰ ਕੰਡਿਆ ਭਰੀ ਜ਼ਿੰਦਗੀ ਨੂੰ ਜਿਉਣ ਲਈ ਨਵੀਂ ਮੰਜ਼ਿਲ ਵੱਲ ਚੱਲ ਪਿਆ ਸੀ।

ਹੁਣ ਵੀ ਜਦੋਂ ਮੈਂ ਰੇਲਵੇ ਫਾਟਕ ਕੋਲੋਂ ਲੰਘਦੀ ਹਾਂ ਤਾਂ ਚਾਚਾ ਜੀ ਦੇ ਕਾਲੇ ਗੁਲਾਬ ਦੇ ਖੜ੍ਹੇ ਹੋਣ ਦਾ ਝਾਵਲਾ ਪੈਂਦਾ ਹੈ। ਪਤਾ ਨਹੀਂ ਗੁਲਾਬ ਕਿਹੜੇ ਰਾਹਾਂ ਤੇ ਭਟਕ ਰਿਹਾ ਹੋਵੇਗਾ। ਜੇਲ੍ਹ ਦੀ ਜ਼ਿੰਦਗੀ ਨੇ ਉਸ ਦੀ ਜ਼ਿੰਦਗੀ ਰੋਲ ਦਿੱਤੀ ਸੀ, ਜਿਸ ਵਿੱਚ ਉਸ ਦਾ ਬਚਪਨ ਅਤੇ ਮਾਸੂਮੀਅਤ ਭਸਮ ਕਰ ਦਿੱਤੀ ਸੀ। ਕਾਨੂੰਨ ਦੇ ਰਖਵਾਲਿਆਂ ਨੇ ਨਿਰਦੋਸ਼ ਗੁਲਾਬ ਦੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ, ਪਰ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਦਿੱਤੀ, ਕਿਉਂਕਿ ਕੋਈ ਸਬੂਤ ਨਹੀਂ ਸੀ, ਰੱਬਾ ਕੋਈ ਐਸਾ ਕਾਨੂੰਨ ਬਣਾ ਦੇ ਜਿਸ ਨਾਲ ਬੇਦੋਸ਼ੀਆਂ ਨੂੰ ਸਜ਼ਾ ਨਾ ਹੋਵੇ ਤੇ ਬੇਦੋਸ਼ੀਆਂ ਦਾ ਤੇਰੇ ਤੇ ਭਰੋਸਾ ਬਣਿਆ ਰਵੇ।



# ਕਾਵਿ-ਕਿਆਰੀ



## ਵਕਤੀ-ਸ਼ੋਭਾ-ਸ਼ਕਤੀ



ਵਕਤੀ ਸ਼ੋਭਾ ਸ਼ਕਤੀ ਨੂੰ, ਮਨੋਂ ਭੁਲਾ ਕੇ।
ਖ਼ੁਦਪ੍ਰਸਤੀ ਨੂੰ, ਖ਼ੁਦਾਪ੍ਰਸਤੀ ਬਣਾ ਕੇ।
ਆਪਣੇ ਤੋਂ ਵੱਧ, ਅਪਣਾਇਆਂ ਦੀ,
ਮਨਮੰਦਰ ਅੰਦਰ ਵਸਾਇਆਂ ਦੀ।
ਸੰਭਾਵੀ, ਪ੍ਰਭਾਵੀ ਇੱਜ਼ਤ ਅੱਸਮਤ ਦੀ,
ਪ੍ਰੀਖਿਆ ਦਰਪ੍ਰੀਖਿਆ ਹੋ ਰਹੀ ਕਿਸਮਤ ਦੀ।
ਰੱਖਵਾਲੀ ਬਹਾਲੀ ਲਈ, ਇਜ਼ਹਾਰ ਕਰਨਾ,
ਮਨ ਬਚ ਕਰਮ ਨਾਲ, ਸਾਕਾਰ ਕਰਨਾ।
ਬੋਲ ਬਾਣੀ ਸਲੀਕੇ ਨਾਲ, ਸਤਿਕਾਰ ਕਰਨਾ,
ਪ੍ਰਤਿਬੱਧ ਪ੍ਰਤਿਗਿਆ, ਬਾਰ-ਬਾਰ ਕਰਨਾ।
ਦਰਕਾਰ ਇਵਜ਼ ਮੁਆਵਜ਼ਾ, ਦਰਕਿਨਾਰ ਕਰਨਾ,
ਸੁਖਨਵਰਾਂ ਦਾ ਸੁਖਨ ਹੀ ਸਵੀਕਾਰ ਕਰਨਾ।
ਬਿਨਾ ਗਰਜ਼-ਗੁਰੇਜ਼, ਨਿਰਸੁਆਰਥ ਕਰਨਾ,
ਕਦੇ ਵੀ ਮਜਬੂਰੀ ਨਹੀਂ ਹੁੰਦੀ।
ਸਵੈ-ਪ੍ਰੇਰਿਤ ਹੋ, ਪਰਸੁਆਰਥ ਕਰਨਾ,
ਕਦੇ ਵੀ ਜੀਹਜ਼ੂਰੀ ਨਹੀਂ ਹੁੰਦੀ।
ਕੀ ਇਹ ਇਨਸਾਨੀ ਧਰਮ ਨਹੀਂ ਹੈ?
ਕੀ ਕਰਨ ਵਾਲਾ, ਇਹ ਕਰਮ ਨਹੀਂ ਹੈ?
ਫਰਜ਼ਾਂ ਦਾ ਕਰਜ਼ ਉਤਾਰਨਾ, ਵਫ਼ਾਅ ਹੁੰਦੀ ਹੈ,
ਅਭਿਲਾਸ਼ੀ ਇਲਜ਼ਾਮਤ੍ਰਾਸ਼ੀ, ਜਫ਼ਾਅ ਹੁੰਦੀ ਹੈ।
ਮਨਫ਼ੀ ਸੋਚ, ਨਿੱਜੀ ਸੌੜੀ ਸੋਚ ਹੁੰਦੀ ਹੈ,
ਅੱਛਾਈ ਸੱਚਾਈ ਨੂੰ; ਨਿਕਾਰਨ ਵਾਲੀ ਲੋਚ ਹੁੰਦੀ ਹੈ।
ਖ਼ੂਬਸੂਰਤ ਸੀਰਤ ਦਾ, ਸਦਾ ਹੀ ਸੰਤਾਪ ਰਿਹਾ ਹੈ,
ਬ੍ਰਿਹਾ ਤੇ ਰੁਸਵਾਈ ਦਾ, ਰਿਸ਼ਿਆਈ ਸਰਾਪ ਰਿਹਾ ਹੈ।
ਗੁੰਮਨਾਮੀਂ ਦਾ ਜਨੂੰਨ, ਸਦਾ ਸਕੂਨ ਹੁੰਦਾ ਹੈ,
ਸੁਰਖ਼ਾਬੀ ਪਰ ! ਨੀਂਦ ਆਰਾਮ ਲਈ ਹਰਾਮ ਹੁੰਦਾ ਹੈ।
ਇਹ ਦੁਨੀਆਂ ਤ੍ਰੈਧਾਰੀ, ਬੜੀ ਮੱਕਾਰੀ ਹੈ,
ਏਥੇ ਚੋਰਾਂ ਯਾਰਾਂ, ਕੂੜਿਆਰਾਂ ਦੀ ਸਰਦਾਰੀ ਹੈ।
ਦਿਲ ਨਾ ਹਾਰੋ, ਇਕਜੁੱਟ ਹੋ ਸਦਾਚਾਰ ਸੁਧਾਰੋ,
ਗੁਨਾਹਗਾਰਾਂ ਬੇਮੁਹਾਰਾਂ ਨੂੰ, ਨੱਥ ਪਾ ਦੁਆਗਾ ਮਾਰੋ।

**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ, 98153-03206**

*****

## 2016 - ਮੁਬਾਰਕ



ਵੀਹ ਸੌ ਪੰਦਰਾਂ ਦੀਆਂ ਘਟਨਾਵਾਂ ਲੱਗਾਂ ਕਰਨ ਬਿਆਨ।
ਮੇਰਿਓ ਮਿੱਤਰੋ ਕੁੱਝ ਪਲ ਦੇ ਲਈ ਕੇਂਦਰਤ ਕਰੋ ਧਿਆਨ।
ਦੇਖ ਲਿਆ ਨਤੀਜਾ ਦੇ ਕੇ ਮੋਦੀ ਹੱਥ ਕਮਾਨ।
ਓਹੀ ਮਸਲੇ, ਓਹੀ ਢਾਂਚਾ, ਓਹੀ ਹੈ ਸੰਵਿਧਾਨ।
ਕਾਲਾ ਧੰਨ ਲਿਆਉਣ ਦਾ ਵੀ ਚੱਲਿਆ ਨਹੀਂ ਅਭਿਆਨ।
ਵਿਦੇਸ਼ੀ ਸੈਰਾਂ ਵੱਲ ਪੀ.ਐੱਮ. ਦਾ ਬਹੁਤਾ ਰਿਹਾ ਧਿਆਨ।
ਲਗਾਤਾਰ ਖੁਦਕੁਸ਼ੀਆਂ ਕਰ ਰਹੇ ਮੁਲਕ ਦੇ ਵਿੱਚ ਕਿਸਾਨ।
ਮਹਿੰਗਾਈ ਵੀ ਕੱਢੀ ਜਾਂਦੀ ਆਮ ਬੰਦੇ ਦੀ ਜਾਨ।
ਨਸ਼ਿਆਂ ਨੇ ਪੰਜਾਬ ਦਾ ਕੀਤਾ ਬਹੁਤ ਜ਼ਿਆਦਾ ਨੁਕਸਾਨ।
ਨਸ਼ੇ ਵੇਚਦੇ, ਖੁਦ ਵੀ ਖਾਂਦੇ, ਕਈ ਸਿਆਸਤਦਾਨ।
ਜਥੇਦਾਰਾਂ ਨੂੰ ਕੀ ਹੋ ਗਿਆ ਖੋਲ੍ਹਦੇ ਨਹੀਂ ਜ਼ੁਬਾਨ।
ਜ਼ੁਲਮ ਵਿਰੁੱਧ ਹੁਣ ਚੁੱਕਣੀ ਭੁੱਲ ਗਏ ਪੰਜ ਫੁੱਟੀ ਕਿਰਪਾਨ।
ਨੇਤਾਵਾਂ ਦੀਆਂ ਚਾਲਾਂ ਦਾ ਵੀ ਲੱਗਦਾ ਨਹੀਂ ਅਨੁਮਾਨ।
ਬਾਜਵਾ ਲਾਹ ਕੇ ਫੇਰ ਬਣਾਇਆ ਕੈਪਟਨ ਨੂੰ ਪ੍ਰਧਾਨ।
ਮਾਲਵੇ ਵਿਚ ਸੁੰਡੀ ਨੇ ਕੀਤਾ ਨਰਮੇ ਦਾ ਨੁਕਸਾਨ।
ਦੁਆਬੇ ਦੇ ਵਿੱਚ ਹੋਇਆ ਨਹੀਓਂ ਗੰਨੇ ਦਾ ਭੁਗਤਾਨ।
ਰੇਤਾ ਚੋਅ 'ਚੋਂ ਚੁੱਕਣ ਨਹੀਂ ਦਿੰਦੇ ਕਿੱਦਾਂ ਬਣਨ ਮਕਾਨ।
ਸਰਕਾਰੀ ਖਜ਼ਾਨਾ ਵੀ ਨਹੀਂ ਭਰਿਆ ਕੀਤੇ ਬਹੁਤ ਚਲਾਨ।
ਪੰਜਾਬ ਦਾ ਘਟਨਾ ਕਰਮ ਵੇਖ ਕੇ ਰਹਿ ਗਏ ਸਭ ਹੈਰਾਨ।
ਕਿਸਾਨ ਅੰਦੋਲਨ ਕੁਚਲ ਕੇ ਰੱਖਤਾ ਹਾਕਮ ਬੜੇ ਸ਼ੈਤਾਨ।
ਲੋਕ-ਹਿੱਤਾਂ ਲਈ ਇਨ੍ਹਾਂ ਕੀ ਕੀਤਾ ਜਾਣਦਾ ਕੁੱਲ ਜਹਾਨ।
ਬਾਦਲ ਸਰਕਾਰ ਨੇ ਮਸਲ ਕੇ ਰੱਖਤੇ ਲੋਕਾਂ ਦੇ ਅਰਮਾਨ।
ਸਦਭਾਵਨਾ ਰੈਲੀਆਂ ਤੋਂ ਨਾ ਲਾ ਬੈਠਿਓ ਅਨੁਮਾਨ।
ਪਤਾ ਤਾਂ ਲੱਗੂ ਉੱਦਣ, ਜਿੱਦਣ ਹੋਣਾ ਹੈ ਮਤਦਾਨ।
ਤੱਕੜੀ, ਫੁੱਲ ਤੇ ਪੰਜੇ ਵਾਲੇ ਹੋ ਸਕਦੇ ਹੈਰਾਨ।
ਉਨ੍ਹਾਂ ਵੀ ਹੂੰਝਾ ਫੇਰਨਾ ਜਿਨ੍ਹਾਂ ਦਾ ਝਾੜੂ ਚੋਣ ਨਿਸ਼ਾਨ।
ਬਿਹਾਰ ਦੇ ਅੰਦਰ ਬੀ.ਜੇ.ਪੀ. ਦਾ ਟੁੱਟ ਗਿਆ ਅਭਿਮਾਨ।
ਨਿਤੀਸ਼ ਨੇ ਲਾਲੂ ਨਾਲ ਰਲਾ ਕੇ ਜਿੱਤ ਲਿਆ ਮੈਦਾਨ।
ਪਹਿਲਾਂ ਲਾਲੂ, ਫੇਰ ਰਾਬੜੀ, ਅੱਗੋਂ ਹੁਣ ਸੰਤਾਨ।

ਬਿਹਾਰ ਦਾ ਡਿਪਟੀ ਸੀ.ਐੱਮ. ਬਣਿਆ ਦਸਵੀਂ ਫੇਲ੍ਹ ਜਵਾਨ।
ਰਾਹੁਲ ਗਾਂਧੀ ਨੂੰ ਵੀ ਜਨਤਾ ਕਿਉਂ ਕਰੇ ਪ੍ਰਵਾਨ।
ਸੋਨੀਆ ਦੱਸੇ ਉਸ ਨੇ ਕੀਤਾ ਕਿਹੜਾ ਕੰਮ ਮਹਾਨ।
ਬਸਪਾ ਨੇ ਵੀ ਕੀ ਕੀਤਾ ਹੈ ਏਸ ਸਾਲ ਦੌਰਾਨ।
ਸਮਾਜਵਾਦੀਓ ਯੂ.ਪੀ. ਵਿੱਚ ਵੀ ਕਿਹੜਾ ਅਮਨ-ਅਮਾਨ।
ਕਾਮਰੇਡਾਂ ਦੇ ਚਿਹਰਿਆਂ 'ਤੇ ਵੀ ਦਿਸਦੀ ਨਹੀਂ ਮੁਸਕਾਨ।
ਇਨਕਲਾਬ ਲਿਆਉਣ ਲਈ ਦੇਣਾ ਪੈਂਦਾ ਹੈ ਬਲਿਦਾਨ।
ਨੇਤਾ ਸੰਸਦ ਵਿਚ ਕਰਦੇ ਇਕ ਦੂਜੇ ਦਾ ਅਪਮਾਨ।
ਪਤਾ ਨਹੀਂ ਕਿੱਦਾਂ ਮੁਆਫ਼ ਇਨ੍ਹਾਂ ਨੂੰ ਕਰਦਾ ਹੈ ਸੰਵਿਧਾਨ।
ਰਾਮਦੇਵ ਹੁਣ ਰੁੱਝ ਗਿਆ ਆਪਣਾ ਵੇਚਣ ਲਈ ਸਮਾਨ।
ਅੰਨਾ ਹਜ਼ਾਰੇ ਦਾ ਵੀ ਹੁਣ ਕੋਈ ਆਉਂਦਾ ਨਹੀਂ ਬਿਆਨ।
ਸੱਚ ਲਿਖਣ ਦੇ ਕਾਰਣ ਲੈ ਲਈ ਕਲਬੁਰਗੀ ਦੀ ਜਾਨ।
ਵੱਡੇ-ਵੱਡੇ ਸਾਹਿਤਕਾਰਾਂ ਨੇ ਮੋੜ ਦਿੱਤੇ ਸਨਮਾਨ।
ਕਿੰਨੇ ਕੁ ਸੱਚ ਦੇ ਨਾਲ ਖੜ੍ਹੇ ਹਨ ਲੱਗ ਗਿਆ ਹੈ ਅਨੁਮਾਨ।
ਬੇ-ਜ਼ਮੀਰੇ ਲੋਕਾਂ ਨਾਲ ਵੀ ਭਰਿਆ ਪਿਆ ਜਹਾਨ।
ਜਸਟਿਸ ਟੀ.ਐੱਸ. ਠਾਕੁਰ ਕਹਿੰਦੇ ਸਭ ਦਾ ਕਰੋ ਸਨਮਾਨ।
ਵੱਖ-ਵੱਖ ਧਰਮਾਂ, ਫਿਰਕਿਆਂ ਦਾ ਹੈ ਭਾਰਤ ਵਿਚ ਸਥਾਨ।
ਕੱਟੜਪੰਥੀ ਕਿਸ ਦੀ ਸ਼ਹਿ 'ਤੇ ਦਿੰਦੇ ਗਲਤ ਬਿਆਨ।
ਫਿਰਕੂ ਅੱਗ ਵਿਚ ਝੁਲਸ ਨਾ ਜਾਵੇ ਸਾਡਾ ਹਿੰਦੋਸਤਾਨ।
ਪਾਕਿਸਤਾਨ, ਇਰਾਕ, ਸੀਰੀਆ ਜਾਂ ਹੋਵੇ ਈਰਾਨ।
ਬੰਬ ਧਮਾਕੇ ਕਿਤੇ ਵੀ ਹੋਵਣ, ਮਰਦੇ ਹਨ ਇਨਸਾਨ।
ਚਾਰ ਬੰਦੇ ਮਾਰ ਕੇ ਵੀ ਬਰੀ ਹੋਇਆ ਸਲਮਾਨ।
ਏਥੇ ਕਈ ਕੁੱਝ ਹੋਈ ਜਾ ਰਿਹਾ, ਇਹ ਹੈ ਹਿੰਦੋਸਤਾਨ।
ਆਪਣਾ ਜ਼ੋਰ ਲਗਾਈ ਜਾ ਰਹੇ ਧਰਮ ਅਤੇ ਵਿਗਿਆਨ।
ਨੈਤਿਕ ਤੌਰ 'ਤੇ ਹੋਇਆ ਨਹੀਂ ਮਜ਼ਬੂਤ ਅਜੇ ਇਨਸਾਨ।
ਫੇਸ-ਬੁੱਕ ਨੂੰ ਚੁੰਬੜੇ ਬੱਚੇ, ਬੁੱਢੇ ਅਤੇ ਜਵਾਨ।
ਚੈਟਿੰਗ-ਸੈਟਿੰਗ ਕਰਦੇ ਰਹਿੰਦੇ ਸਿਖਦੇ ਨਹੀਂ ਗਿਆਨ।।
ਜੀਵਨ ਵਿਚ ਤਾਂ ਆਉਂਦੇ ਰਹਿੰਦੇ ਨਿੱਤ ਹੀ ਨਵੇਂ ਤੂਫ਼ਾਨ।
